ੴ

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰੀ 15 ,,

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

[ਜਿਲਦ ੫] ੧ ਜਨਵਰੀ ੧੯੭੨ [ਅੰਕ ੧੨

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ।
ਪਾਇ ਲਗਉ ਮੋਹਿ ਕਰਉ ਬੇਨਤੀ,
ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥
ਮਨੁ ਅਰਪਉ ਧਨੁ ਰਾਖਉ ਆਗੈ,
ਮਨ ਕੀ ਮਤਿ ਮੋਹਿ ਸਗਲ ਤਿਆਗੀ ।
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ,
ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ ੧ ॥

( ਗਉੜੀ ਮ: ੫: )

www.AKJ.Org

# ਸੂਰਿਓ ! ਸੁਣੋ !! ਸਿੰਘ-ਨਾਦ !!!

—ਮਾਸਟਰ ਜਸਵੰਤ ਸਿੰਘ ਜੀ ਬੀ. ਏ.

ਜਗਤ ਗੁਰੂ 'ਗੁਰ ਨਾਨਕ ਦੇਵ ਜੀ ਨੂੰ' ਭਾਈ ਗੁਰਦਾਸ ਜੀ ਨੇ ਸ਼ੇਰ ਨਾਲ ਉਪਮਾ ਦਿੰਦਿਆਂ ਕਿਹਾ ਹੈ :– 'ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨਾ ਧੀਰ ਧਰੋਆ।' ਉਸ ਜ਼ਾਹਰ ਪੀਰ ਜਗਤ ਗੁਰ ਬਾਬਾ ਦੀ ਅਵਾਜ਼ ਸਿੰਘ ਨਾਦ ਸੀ। ਜਿਸ ਨੂੰ ਸੁਣ ਕੇ ਜਗਤ ਕੇ ਠਗਤ ਗੁਰੂਆਂ ਤੇ ਪੀਰਾਂ ਦੀਆਂ ਟੋਲੀਆਂ ਨੌਂ ਦੋ ਗਿਆਰਾਂ ਹੋ ਗਈਆਂ। ਉਹ ਜ਼ਾਹਰ ਪੀਰ ਅਜ ਵੀ ਹਾਜ਼ਰ ਨਾਜ਼ਰ ਹੈ। ਸਾਡੀਆਂ ਮੰਦੀਆਂ ਚੰਗੀਆਂ ਕਰਤੂਤਾਂ ਨੂੰ ਵੇਖਦਾ ਹੈ। ਅਗਾਧ ਸ਼ਰਧਾ ਰਖਣ ਵਾਲਿਆਂ ਨੂੰ ਪਰਗਟ-ਪਹਾਰੇ ਪ੍ਰਤਖ ਦੀਦਾਰੇ ਬਖਸ਼ਦਾ ਹੈ। ਅਸਾਂ ਸਾਧਾਰਣ ਬੰਦਿਆਂ ਨੂੰ ਜੇ ਨਿਰੰਕਾਰੀ ਬਾਬੇ ਦੇ ਅਕਾਰੀ ਦਰਸ਼ਨ ਨਸੀਬ ਨਹੀਂ ਤਾਂ ਕੀ ਹੋਇਆ ? ਕੀ ਇਹ ਘੱਟ ਖੁਸ਼-ਨਸੀਬੀ ਹੈ ਕਿ ਉਹ ਸ਼ਬਦ ਰਾਹੀਂ ਸਾਡਾ ਕਰੀਬੀ ਬਣਿਆ ਹੋਇਆ ਹੈ। ਇਹ ਕੋਈ ਫਰਜ਼ ਕੀਤੀ ਗਲ ਨਹੀਂ ਕਿ ਉਸ ਦੇ ਸ਼ਬਦ ਦਾ ਸਾਕਾਰ ਰੂਪ ਗੁਰੂ ਗਰੰਥ ਸਾਹਿਬ ਵੀ ਉਸ ਦੀ ਆਤਮਕ ਜੋਤ ਹੈ :—"ਬਾਣੀ ਗੁਰੂ ਗੁਰੂ ਹੈ ਬਾਣੀ।" ਗੁਰਦੇਵ ਨੇ ਖੁਦ 'ਸ਼ਬਦ ਗੁਰ ਪੀਰਾ' ਕਿਹਾ। ਇਸ ਸ਼ਬਦ ਜਾਂ ਬਾਣੀ ਰਾਹੀਂ ਹੀ ਜਗਤ ਦਾ ਉਧਾਰ ਹੋਇਆ। ਇਸ ਨਾਦ ਦੇ ਸੁਆਦ ਨੇ ਹੀ ਸ਼ਰਧਾਲੂਆਂ ਨੂੰ ਬਿਸਮਾਦ ਕੀਤਾ। ਗੁਰੂ ਗਰੰਥ ਸਾਹਿਬ ਦੀ ਅਵਾਜ਼ ਬਿਲਕੁਲ ਗੁਰੂ ਨਾਨਕ ਦੀ ਅਵਾਜ਼ ਹੈ। ਅਸੀਂ ਇਸ ਅਵਾਜ਼ ਨਾਲ ਨਰਾਜ਼ ਹੋਏ ਬੈਠੇ ਹਾਂ। ਸਿੰਘ ਨਾਦ ਬਰਾਬਰ ਹੋਈ ਜਾ ਰਿਹਾ ਹੈ, ਅਸੀਂ ਗ਼ਫ਼ਲਤ ਦੀ ਨੀਂਦਰ ਵਿਚ ਘੂਕ ਸੁਤੇ ਪਏ ਹਾਂ, ਜਾਂ ਕੰਨਾਂ ਅੰਦਰ ਬੇ ਪ੍ਰਤੀਤੀ ਦੀ ਰੂੰ ਤੁੰਨ ਰੱਖੀ ਹੈ ਜਾਂ ਫਿਰ ਸਾਡੀਆਂ ਬੇਮੁਖ ਹੋਈਆਂ ਸੁਰਤੀਆਂ ਇਸ ਦੀ ਸਰੋਤ ਸਰਵਣਾਂ ਰਾਹੀਂ ਸੁਣ ਕੇ ਅੰਨੇ-ਵਾਹ ਨਠੀਆਂ ਭੱਜੀਆਂ ਜਾ ਰਹੀਆਂ ਹਨ।

ਅਸੀਂ ਜੋ ਉਸ ਦੇ ਨਾਮ-ਲੇਵਾ ਸਦਵਾਂਦੇ ਹਾਂ। ਸਾਨੂੰ ਇਹ ਗ਼ਫ਼ਲਤ, ਬੇਪ੍ਰਤੀਤੀ ਜਾਂ ਬੇਮੁਖਤਾ ਸੋਭਦੀ ਨਹੀਂ। ਗੁਰਦੇਵ ਪਿਤਾ ਦੀ ਸਿਖ ਸੰਤਾਨ ਨੂੰ ਇਕ ਮਹਾਨ ਉਲਾਂਭਾ ਹੈ। ਨਾਂ ਨੂੰ ਅਸੀਂ ਹਰ ਸਾਲ ਉਸ ਗੁਰਦੇਵ ਦਾ ਅਵਤਾਰ ਪੁਰਬ ਬੜੀ ਸਜ ਧਜ ਨਾਲ ਮਨਾਉਂਦੇ ਹਾਂ ਪਰ ਇੰਨੀ ਗਲ ਗੱਜ ਵੱਜ ਕੇ ਆਖਣ ਵਿਚ ਮੈਨੂੰ ਕੋਈ ਸੰਕੋਚ ਨਹੀਂ ਕਿ ਸਮੁੱਚੇ ਤੌਰ ਤੇ ਅਸੀਂ ਪਿਛਾਂਹ ਹੀ ਪਿਛਾਂਹ ਜਾਂ ਰਹੇ ਹਾਂ। ਲਖਾਂ ਰੁਪੈ ਖਰਚ ਕੀਤੇ ਜਾਂਦੇ ਹਨ ਪਰ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਣ ਲਈ। ਹਉਮੈ ਦਾ ਪਸਾਰਾ ਬਹੁਤ ਵਧ ਰਿਹਾ ਹੈ। 500 ਸਾਲਾ ਪੁਰਬ ਮਨਾਉਣ ਦੇ ਜੋਸ਼ ਵਿਚ ਅਸਾਂ ਗੁਰਮਤ ਵਾਲੇ ਪਾਸਿਓਂ ਹੋਸ਼ ਹਵਾਸ ਗੁੰਮ ਕਰ ਲਏ ਹਨ। ਨਾਟਕਾਂ ਤੇ ਫਿਲਮਾਂ ਦਾ ਧਰਮ ਪ੍ਰਚਾਰ ਦੇ ਨਾਂ ਹੇਠ ਪ੍ਰਚਲਤ ਹੋਣਾ ਉਕਾ ਹੀ ਹਾਸੋ ਹੀਣਾ ਕਰਮ ਹੈ। ਇਹ ਡਰਾਮੇ ਤੇ ਤਮਾਸ਼ੇ ਗੁਰੂ-ਆਸ਼ੇ ਦੇ ਐਨ ਉਲਟ ਹਨ। ਗੁਰੂ ਆਸ਼ੇ ਅਨੁਸਾਰ



www.AKJ.Org

ਸਾਡੇ ਆਗੂਆਂ ਵਲੋਂ ਕੱਖ ਨਹੀਂ ਹੋਇਆ। ਪ੍ਰਿਥਮੇਸ਼ ਦੀ ਯਾਦ ਵਿਚ ਦੇਸ਼-ਬਦੇਸ਼ ਵਿਚ ਖੜੀਆਂ ਕੀਤੀਆਂ ਇਮਾਰਤਾਂ ਕੀ ਸੰਵਾਰਨ ਗੀਆਂ. ਗੁਰੂ ਨਾਨਕ ਨਿਵਾਸ ਕੀ ਧਰਵਾਸ ਦੇਣਗੇ, ਜੇ ਸਾਡੇ ਅੰਦਰ ਗੁਰੂ ਨਾਨਕ ਨੇ ਨਿਵਾਸ ਨਹੀਂ ਕੀਤਾ। ਗੁਰੂ ਨਾਨਕ ਯੂਨੀਵਰਸਿਟੀ ਦੀ ਵਿਸ਼ੇਸ਼ਤਾ ਵੀ ਕੋਈ ਕੀ ਹੋਈ ਜੇ ਵਿਸ਼ੇ-ਵਾਸ਼ਨਾ ਭਰਪੂਰ ਕੋਰਸ ਰਹਿਣੇ ਹਨ ਤੇ ਗੁਰੂ ਆਸ਼ੇ ਵਾਲਾ ਚਾਲ ਚਲਨ ਨਹੀਂ ਉਸਾਰਨਾ। ਚੋਰਾਂ ਨੇ ਲੁਟ ਮਾਰੀ ਹੈ, ਇਸ ਦੀ ਵੰਡ ਆਪ ਵਿਚ ਵੰਡਣ ਲਈ ਅਤੇ ਕੀਤੀ ਚੋਰੀ ਵਲੋਂ ਲੋਕਾਂ ਦੀਆਂ ਅੱਖਾਂ ਮੁੰਦਣ ਲਈ ਇਹ ਮਹੱਲ ਉਸਾਰੇ ਹਨ। ਨਾਲੇ ਉਸਾਰੇ ਹੋਏ ਇਹ ਮਹੱਲ ਹੋਰ ਲੁੱਟਾਂ ਲੁਟਣ ਦਾ ਸਾਧਨ ਬਨਣਗੇ। ਦੀਰਘ ਦ੍ਰਿਸ਼ਟੀ ਨਾਲ ਵਿਚਾਰ ਕੇ ਦਸੋ ਕਿ ਕੰਮ ਦਾ ਕਾਰ-ਨਾਮਾ ਕਿਹੜਾ ਹੋਇਆ ਹੈ, ਇਸ ਰੋਲ ਘਚੋਲੇ ਵਿਚ ਜਿਹੜਾ ਕਿ ਮਹਾਰਾਜ ਦੇ ਨਾਂ ਤੇ ਪਾਇਆ ਗਿਆ, ਇਸ ਚੀਕ-ਚਿਹਾੜੇ ਵਿਚ ਦਿਨ-ਦਿਹਾੜੇ ਡਾਕੇ ਮਾਰੇ ਗਏ ਅਤੇ ਸਤਿਗੁਰੂ ਦੀ ਅਵਾਜ਼ ਕੰਨਾਂ ਵਿਚ ਨਾ ਪੈਣ ਦਿਤੀ, ਜੇ ਕੰਨੀ ਇਹ ਅਵਾਜ਼ ਪਈ ਵੀ ਤਾਂ ਇਕ ਕੰਨੋਂ ਸੁਣ ਕੇ ਦੂਜੇ ਕੰਨੋਂ ਕੱਢ ਦਿਤੀ ਗਈ। ਕੰਨਾਂ ਤੇ ਜੂੰ ਨਾ ਸਰਕੀ।

ਪਰ ਯਾਦ ਰਖੋ, ਇਸ ਅਵੇਸਲੇਪਨ ਨਾਲ ਸਾਡਾ ਛੁਟਕਾਰਾ ਨਹੀਂ। ਇਹ ਬੇਪ੍ਰਤੀਤੀ ਸਾਡੇ ਲਈ ਖਤਰਨਾਕ ਸਾਬਤ ਹੋਵੇਗੀ। ਜ਼ਰਾ ਸੁਚੇਤ ਹੋ ਕੇ ਉਸ ਅਕਾਸ਼ਵਾਣੀ ਵਲ ਕੰਨ ਦਿਓ ਜੋ ਪਿਛਲੇ ਕੁਝ ਸਾਲਾਂ ਵਿਚ ਪੁਰਬਾਂ ਦੇ ਮੌਕੇ ਤੇ ਪਰਸਾਰਤ ਹੋਈ।

ਹਰਮੰਦਰ ਸਾਹਿਬ ਸਿਖੀ ਦਾ ਕੇਂਦਰ ਹੈ। ਇਹ ਗੁਰੂ ਵਰੋਸਾਇਆ ਅਸਥਾਨ ਸਿਖੀ ਦੀ ਜਾਨ ਹੈ। ਗੁਰੂ ਨਾਨਕ ਸਾਹਿਬ ਦਾ ਨਿਵਾਸ ਇਸ ਮੰਦਰ ਵਿਚ ਹੈ। ਉਂਜ ਤਾਂ ਸਤਿਗੁਰੂ ਸਮਸਤ ਸਮਾਏ ਹੋਏ ਹਨ ਪਰ ਇਸ ਮੰਦਰ ਵਿਚ ਵਿਸ਼ੇਸ ਤੌਰ ਤੇ ਵਾਸਾ ਹੈ ਉਹਨਾਂ ਦਾ।

੫੦੦ ਸਾਲਾ ਪੁਰਬ ਤੋਂ ਪੂਰਬਲੇ ਸਾਲ ਪ੍ਰਥ-ਮੇਸ਼ ਪਿਤਾ ਨੇ ਆਪਣੇ ਮਨਾਏ ਜਾ ਰਹੇ ਦਿਨ ਤੇ ਇਹ ਹੁਕਮਨਾਮਾ ਜਾਰੀ ਕੀਤਾ :—

ਸਲੋਕ ਮ: ੧ ॥

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ ॥
ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿਨਾਂ ਦਾ ਸਿਕਦਾਰੁ ॥ ੧ ॥

ਮ: ੧ ॥

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥
ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ ੨ ॥

ਪਾਉੜੀ ॥

ਸਭ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ ॥
ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ ॥
ਅੰਮ੍ਰਿਤ ਭੋਜਨ ਨਾਮੁ ਹਰਿ ਰਜਿ ਰਜਿ ਜਨ ਖਾਹੁ ॥
ਸਭਿ ਪਦਾਰਥ ਪਾਈਅਨਿ ਸਿਮਰਣਿ ਸਚੁ ਲਾਹੁ ॥
ਸੰਤਿ ਪਿਆਰੇ ਪਾਰਬ੍ਰਹਮ ਨਾਨਕ ਹਰਿ ਅਗਮ ਅਗਾਹੁ ॥ ੨ ॥

ਬੁਤ-ਪੂਜ ਲੋਕਾਂ ਦੇ ਮੂੰਹ ਤੇ ਕਰਾਰੀਆਂ ਚਪੇੜਾਂ ਮਾਰੀਆਂ ਹਨ ਇਸ ਮਹਾਂਵਾਕ ਅੰਦਰ। ਪਹਿਲੇ ਸਲੋਕ ਵਿਚ ਜ਼ਨ-ਮੁਰੀਦ ਨਰਾਂ ਨੂੰ ਤੇ ਦੂਜੇ ਵਿਚ ਪੱਥਰ-ਪੂਜ ਖਰਾਂ ਨੂੰ ਖਰੀਆਂ ੨ ਸੁਣਾਈਆਂ ਹਨ। ਹੈਨ ਦੋਵੇਂ ਹੀ ਮੂਰਤੀ-ਪੂਜ, ਜੇ ਇਕ ਹਡ ਮਾਸ ਦੀਆਂ ਮੂਰਤਾਂ ਦੇ ਪੁਜਾਰੀ ਹਨ ਤਾਂ ਦੂਜੇ ਸਿਲ ਪਥਰ ਦੀਆਂ ਮੂਰਤਾਂ ਦੇ ਦੇ ਭਿਖਾਰੀ। ਮਹਾਰਜ ਜਿਵੇਂ ਭਰਵੀਆਂ ਭੀੜਾਂ ਤੇ ਖਰੂਵੀਆਂ ਵਹੀਰਾਂ ਵਿਚ ਵੀ ਸਚ ਦੀ ਅਵਾਜ਼ ਸੁਣਾਉਂਦੇ



www.AKJ.Org

ਸਨ, ਬਿਲਕੁਲ ਉਸੇ ਅੰਦਾਜ਼ ਵਿਚ ਭੁਲੀ ਭਟਕੀ ਲੁਕਾਈ ਨੂੰ ਸਮਝਾਉਂਦੇ ਬੁਝਾਉਂਦੇ ਪ੍ਰਤੀਤ ਹੋਏ। ਜਿਨ੍ਹਾਂ ਦੇ ਭਾਗ ਜਾਗ ਪਏ, ਉਹਨਾਂ ਨੂੰ ਸਤਿਗੁਰੂ ਪਾਸੋਂ ਨਾਮ-ਰੰਗ ਥਿਰ ਸੱਚੇ ਸੁਹਾਗ ਦੀ ਜਾਗ ਜਾਂ ਲਾਗ ਲਗ ਗਈ। ਉਹਨਾਂ ਲੋਕ ਸੁਖੀਏ ਪਰਲੋਕ ਸੁਹੇਲੇ ਕਰ ਲਏ। ਇਸ ਸੰਸਾਰ ਵਿਚ ਉਹਨਾਂ 'ਭਗਤਾਂ ਦੀ ਚਾਲ ਨਿਰਾਲੀ' ਹੋ ਗਈ। ਉਹ ਖਾਲਸ, ਸ਼ੁਧ, ਨਿਰਮਲ ਹੋ ਕੇ ਆਨ ਬਾਨ ਕਾਨ ਤੋਂ ਨਿਆਰੇ ਨਜ਼ਰ ਆਉਣ ਲਗੇ। ਉਪਰੋਕਤ ਹੁਕਮ ਨਾਮਾ ਮੈਂ ਜਲੰਧਰ ਵਿਚ ਸੁਣਦਿਆਂ ਮਹਿਸੂਸ ਕੀਤਾ ਸੀ ਕਿ ਸਤਿਗੁਰੂ ਨਾਨਕ ਦੇਵ ਸ਼ੇਰ ਸਮਾਨ ਨਿਧੜਕ ਹੋ ਕੇ ਸਮਾਜ ਤੇ ਰਾਜ ਦੇ ਬਲ ਨਾਲ ਮੱਤੇ ਮਾਨੀਆਂ, ਸਭ ਹਿੰਦੂਆਂ ਤੇ ਹਿੰਦੁਸਤਾਨੀਆਂ ਨੂੰ ਸਚ ਦੀ ਮੰਜ਼ਿਲ ਵਲ ਰਾਹ ਵਿਖਾਉਂਦੇ ਹੋਏ, ਕੱਚ (ਬੁਤ) ਪੂਜਾ ਦੀ ਵਿਰੋਧਤਾ ਕਰ ਰਹੇ ਹਨ। ਪਰ ਸਾਡੇ ਨਾਮ-ਧਰੀਕ ਆਗੂਆਂ ਨੇ ਇਕ ਨਾ ਸੁਣੀ। ਹੋਰਾਂ ਨੇ ਤਾਂ ਕੀ ਸੁਣਨੀ ਸੀ, ਸਾਡੇ ਰਾਜ-ਮਦ ਤੇ ਮਾਨ-ਮਦ ਦੇ ਬਹਿਕਾਏ ਲੀਡਰਾਂ ਨੇ ਮਹਾਰਾਜ ਦੇ ੫੦੦ ਸਾਲਾ ਦਿਵਸ ਨੂੰ ਮਨਾਉਣ ਲਈ ਉਹ ਪ੍ਰੋਗਰਾਮ ਬਣਾਏ ਤੇ ਅਪਨਾਏ, ਜੋ ਗੁਰੂ ਦਰਸਾਏ ਤੇ ਹੁਕਮਾਏ ਆਸ਼ੇ ਦੇ ਐਨ ਵਿਰੁਧ ਸਨ। ਦੁਨੀਆਂ ਜੇ ਮਾਸ ਤੇ ਮਿਟੀ ਦੀਆਂ ਮੂਰਤਾਂ ਨੂੰ ਪੂਜ ਰਹੀ ਸੀ ਤਾਂ ਇਹਨਾਂ ਨੇ ਕਾਗਜ਼ੀ-ਮੂਰਤਾਂ ਦੀ ਪੂਜਾ ਦਾ ਪਰਸਾਰ ਤੇ ਪਰਚਾਰ ਸ਼ੁਰੂ ਕਰ ਦਿਤਾ। ਕੋਈ ਪੁਛੇ ਇਹਨਾਂ ਨੂੰ ਅਸਲੀ "ਗੁਰ ਮੂਰਤ ਗੁਰ ਸ਼ਬਦ ਹੈ" ਜਾਂ ਨਕਲੀ ਕਾਗਜ਼ੀ ਮੂਰਤ। ਖੈਰ ਜ਼ਰਾ ਜਲਦੀ ੨ ਚਲੀਏ ਤੇ ਉਥੇ ਆ ਖਲੀਏ, ਜਿਥੇ ਇਹਨਾਂ ਲੋਕਾਂ ਮਹਾਰਾਜ ਦਾ ਪਾਵਨ ਦਿਵਸ ਬੜੇ ਬੇ-ਰਸ ਜਿਹੇ ਢੰਗਾਂ ਨਾਲ ਮਨਾਉਣਾ ਅਰੰਭ ਕੀਤਾ। ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਰਹਿਣ ਕਰ ਕੇ ਸਤਿਗੁਰੂ ਸਾਹਿਬ ਦਾ ਪ੍ਰਕਾਸ਼-ਦਿਵਸ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਤੇ ਸੁਲਤਾਨ ਪੁਰ ਦੇ ਅਸਥਾਨ ਚੁਣੇ ਗਏ। ਅਸਥਾਨਾਂ ਦੀ ਚੋਣ ਤਾਂ ਬੜੀ ਢੁਕਵੀਂ ਤੇ ਦਰੁ- ਸਤ ਸੀ ਪਰਤੂੰ ਢੰਗ ਜੋ ਅਪਣਾਏ ਉਹ ਨਿਰੋਲ ਮਨ-ਮਤ ਭਰੇ ਸਨ। ਪ੍ਰਬੰਧਕਾਂ ਤੇ ਚਾਲਕਾਂ ਦੀ ਦ੍ਰਿਸ਼ਟੀ ਗੁਰਮਤ ਵਲ ਬਿਲਕੁਲ ਨਹੀਂ ਸੀ ਸਗੋਂ ਆਪਾ-ਭਰੀ ਵਿਉਂਤ- ਬੰਦੀ ਵਲ ਸੀ। ਇਹਨਾਂ ਦੋਹਾਂ ਅਸਥਾਨਾਂ ਤੇ ਮਨਾਏ ਗਏ ਸਮਾਗਮਾਂ ਵਿਚ ਪ੍ਰਧਾਨਤਾ ਗੁਰੂ ਮਹਾਰਾਜ ਦੇ ਸ਼ਬਦ ਨੂੰ ਨਹੀਂ ਸਗੋਂ ਰਾਜਸੀ ਤਾਕਤ ਰਖਣ ਵਾਲੇ ਵਿਅਕਤੀਆਂ ਨੂੰ ਦਿਤੀ ਗਈ। ਸਟੇਜਾਂ ਤੇ ਮਹਾਰਾਜ ਦਾ ਮਿਸ਼ਨ ਪ੍ਰਗਟਾਉਣ ਲਈ ਉਹ ਵਿਅਕਤੀ ਨਹੀਂ ਚੁਣੇ ਗਏ, ਜੋ ਨਾਮ ਬਾਣੀ (ਜੋ ਕਿ ਸਤਿਗੁਰ ਦਾ ਮੁਖ ਮਿਸ਼ਨ ਸੀ) ਦੇ ਮਤਵਾਲੇ ਹੋਣ ਸਗੋਂ ਉਹ ਚੁਣੇ ਗਏ, ਜੋ ਸਿਆਸੀ ਅਖਾੜੇ ਤੇ ਛਾਏ ਹੋਏ ਸਨ। ਪੰਡਾਲ ਬਣਾਏ, ਨਾਂ ਗੁਰੂ ਨਾਨਕ ਨਗਰ ਰਖੇ, ਪਰ ਸਮਗਰ ਪ੍ਰੋਗਰਾਮਾਂ ਵਿਚ ਸ਼ੁਹਬਦਾ-ਬਾਜ਼ੀ, ਚੁਲਬੁਲਾ ਪਨ, ਚੰਚਲਤਾ ਤੇ ਵਿਖਾਵੇ ਦਾ ਬੋਲ-ਬਾਲਾ ਰਿਹਾ। ਡਰਾਮੇ ਖਿਡਾਏ ਗਏ। ਤਮਾਸ਼ਿਆਂ ਅੰਦਰ ਖੱਚਤ ਲੋਕਾਂ ਤੇ ਲੀਡਰਾਂ ਨੂੰ ਗੁਰੂ ਵਲ ਧਿਆਨ ਦੇਣ ਦੀ ਵਿਹਲ ਹੀ ਨਾ ਲੱਗੀ ਕਿਉਂ ਕਿ ਗੁਰੂ ਵਲ ਧਿਆਨ ਦੇਣ ਨਾਲ ਇਹਨਾਂ ਨੂੰ ਆਪਣੀਆਂ ਮਨ-ਮਾਨੀਆਂ ਤੋਂ ਸੰਕੋਚ ਕਰਨਾ ਪੈਂਦਾ ਸੀ। 23 ਨਵੰਬਰ 1969 ਨੂੰ ਕੱਤਕ ਦੀ ਪੂਰਨਮਾਸ਼ੀ ਸੀ। 19 ਤੋਂ 21 ਤਕ ਸੁਲਤਾਨ ਪੁਰ ਤੇ 21 ਤੋਂ 23 ਤਕ ਅੰਮ੍ਰਿਤਸਰ ਵਿਖੇ ਪੁਰਬ ਮਨਾਉਣ ਦੇ ਪ੍ਰੋਗਰਾਮ ਸਨ। 19 ਨਵੰਬਰ ਨੂੰ ਜਿਸ ਦਿਨ ਕਿ ਸੁਲਤਾਨ- ਪੁਰ ਤੋਂ ਪ੍ਰੋਗਰਾਮ ਦਾ ਸਿਲਸਿਲਾ ਚਾਲੂ ਹੋਣਾ ਸੀ, ਸੁਲਤਾਨਾਂ ਦੇ ਸੁਲਤਾਨ ਨੇ ਸੁਲਤਾਨ ਪੁਰ ਤੋਂ ਇਹ ਹੁਕਮਨਾਮਾ ਦਿਤਾ :—

॥ਸਲੋਕ ॥

ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥



www.AKJ.Org

ਬਿਸਰੰਤਿ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥ ੧ ॥

ਕਉਤਕ ਕੋੜ ਤਮਾਸਿਆ ਚਿਤਿ ਨ ਆਵਸੁ ਨਾਉ ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥ ੨॥

॥ ਪਉੜੀ ॥

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ।
ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥
ਸਿਰਿ ਲੱਗਾ ਜਮਡੰਡੁ ਤਾਂ ਪਛੁਤਾਨਿਆ ॥
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯ ॥

ਕੇਸਾ ਤਾੜਨਾ ਭਰਿਆ ਐਨ ਮੌਕੇ ਅਨੁਸਾਰ ਫਰਮਾਨ ਸੀ—ਕਾਰਾਂ ਤੇ ਕੋਠੀਆਂ ਵਿਚ ਵਿਚਰ ਰਹੇ, ਜੀਵਨ ਦੇ ਅਸਲੀ ਨਿਸ਼ਾਨੇ ਤੋਂ ਭਟਕ ਰਹੇ ਮਾਣੂਆਂ ਨੂੰ ਨਿਸ਼ਾਨਾ ਬਣਾ ਕੇ ਸਾਰੇ ਸੰਸਾਰੀਆਂ ਨੂੰ ਪੁਕਾਰ ਕੇ ਤੇ ਵੰਗਾਰ ਕੇ ਸਤਿਗੁਰ ਨੇ ਕਿਹਾ—ਜੇ ਤੁਸੀਂ ਸੁਰਗ ਲੋਕ ਵਿਚ ਨਿਵਾਸ ਕਰ ਲਵੋ, ਸਾਰੀ ਪ੍ਰਿਥਵੀ ਤੇ ਵੀ ਰਾਜ ਕਰ ਲਵੋ ਪਰ ਜੇ ਆਪਣੇ ਪਾਲਣਹਾਰ ਪਰਮਾਤਮਾ ਨੂੰ ਭੁਲਾ ਰਹੇ ਹੋ ਤਾਂ ਤੁਸੀਂ ਉਜਾੜਾਂ ਵਿਚ ਹੀ ਫਿਰ ਰਹੇ ਹੋ। ਜੋ ਕਉਤਕ ਕੋਡ ਤਮਾਸ਼ੇ ਤੁਸੀਂ ਰਚਾ ਰਹੇ ਹੋ। ਇਹਨਾਂ ਰਾਹੀਂ ਨਾਮ ਨਹੀਂ ਚੇਤੇ ਆਉਂਦਾ। ਇਹ ਕਉਤਕ ਤਮਾਸ਼ਿਆਂ ਦੇ ਅਸਥਾਨ ਘੋਰ ਨਰਕਾਂ ਦੇ ਸਮਾਨ ਹਨ ਤੇ ਦਰ ਅਸਲ ਉਜਾੜ ਅਸਥਾਨ ਹਨ। ਜਿਹਨਾਂ ਅਸਥਾਨਾਂ ਨੂੰ ਨਗਰ ਕਰ ਮੰਨਿਆ ਜਾ ਰਿਹਾ ਹੈ, ਇਹ ਮਹਾ ਭਿਆਨਕ ਉਜਾੜਾਂ ਤੇ ਸੁੰਨਸਾਨਾਂ ਹਨ। ਪਾਗਲ ਲੋਕ ਕਾਮ, ਕਰੋਧ ਅਤੇ ਹੰਕਾਰ ਵਿਚ ਵਿਚਰ ਰਹੇ ਹਨ, ਇਹਨਾਂ ਜਜ਼ਬਿਆਂ ਅਧੀਨ ਜੋ ਸਾਮਿਗ੍ਰੀ ਸਮਾਨ ਕਠੇ ਕੀਤੇ ਜਾ ਰਹੇ ਹਨ, ਇਹ ਨਾਸ਼ਮਾਨ ਹਨ, ਇਹ ਐਵੇਂ ਹੀ ਸੱਚੇ ਤੇ ਸਹੀ ਅਨੁਮਾਨੇ ਜਾ ਰਹੇ ਹਨ। ਇਹਨਾਂ ਮਨ-ਮਾਨੀਆਂ ਕਾਰਨ ਜਦੋਂ ਜਮ-ਡੰਡ ਲਗੇਗਾ ਤਾਂ ਪਛਤਾਣਾ ਪਵੇਗਾ। ਇਸ ਤਰ੍ਹਾਂ ਗੁਰੂ ਦੀ ਸਿਖਿਆ ਤੋਂ ਬੇਮੁਖ ਹੋਇਆ ਮਨੁੱਖ ਸੈਤਾਨਿਆ ਫਿਰਦਾ ਹੈ।

ਮਹਾਰਾਜ ਨੇ ਪਾਖੰਡ-ਪੂਜਾ ਤੋਂ ਉਵੇਂ ਹੀ ਪਰਦਾ ਚੁਕ ਵਿਖਾਲਿਆ ਜਿਵੇਂ ਫੋਕਟ ਨਿਮਾਜ਼ੀਆਂ ਦੀ ਪਾਜਲ ਨਿਮਾਜ ਦਾ ਰਾਜ਼ ਫ਼ਾਸ਼ ਕੀਤਾ ਸੀ।

ਇਸ ਤੋਂ ਉਪਰੰਤ ਸ੍ਰੀ ਅੰਮ੍ਰਿਤਸਰ ਵਿਖੇ ੨੧ ਨਵੰਬਰ ਨੂੰ ਪਰੋਗਰਾਮ ਦੇ ਅਰੰਭ ਵਿਚ ਹੀ ਸਤਿਗੁਰੂ ਨੇ ਲਲਕਾਰ ਕੇ ਕਹਿ ਦਿਤਾ ਕਿ ਚੋਰਾਂ ਦੀਆਂ ਸ਼ਰਧਾਂਜਲੀਆਂ ਤੇ ਮੈਂ ਹਰਗਿਜ਼ ਪ੍ਰਸੰਨ ਨਹੀਂ ਹਾਂ। ਵਿਚਾਰਵਾਨ ਪਾਠਕ ਖੁਦ ਹੇਠ ਲਿਖਿਆ ਮਹਾਂਵਾਕ, ਜੋ ਰੇਡੀਓ ਤੋਂ ਪਰਸਾਰਿਤ ਕੀਤਾ ਗਿਆ, ਵਿਚਾਰ ਕੇ ਫੈਸਲਾ ਕਰ ਲੈਣ ਕਿ ਇਹ ਚੋਰਾਂ ਦੀ ਟੋਲੀ ਕਿਹੜੀ ਹੈ ਅਤੇ ਇਸ਼ ਦਾ ਸਰਦਾਰ ਕੌਣ ਹੈ।

ਧਨਾਸਰੀ ਮਹੱਲਾ ੧ ॥

ਚੋਰੁ ਸਲਾਹੇ ਚੀਤੁ ਭੀਜੈ ॥
ਜੇ ਬਦੀ ਕਰੇ ਤਾ ਤਸੂ ਨਾ ਛੀਜੈ ॥
ਚੋਰ ਕੀ ਹਾਮਾ ਭਰੇ ਨਾ ਕੋਇ ॥
ਚੋਰੁ ਕੀਆ ਚੰਗਾ ਕਿਉਂ ਹੋਇ ॥ ੧ ॥
ਸੁਣਿ ਮਨ ਅੰਧੇ ਕੁਤੇ ਕੂੜਿਆਰ ।
ਬਿਨੁ ਬੋਲੇ ਬੂਝੀਐ ਸਚਿਆਰ ॥ ੧ ਰਹਾਉ ॥
ਚੋਰੁ ਸੁਆਲਿਓ ਚੋਰੁ ਸਿਆਣਾ ॥
ਖੋਟੇ ਕਾ ਮੁਲ ਏਕੁ ਦੁਗਾਣਾ ॥
ਜੇ ਸਾਥਿ ਰਖੀਐ ਦੀਜੈ ਰਲਾਇ ॥
ਜਾ ਪਰਖੀਐ ਖੋਟਾ ਹੋਇ ਜਾਇ ॥ ੨ ॥
ਜੈਸਾ ਕਰੇ ਸੁ ਤੈਸਾ ਪਾਵੈ ॥
ਆਪੁ ਬੀਜਿ ਆਪੇ ਹੀ ਖਾਵੈ ॥
ਜੇ ਵਡਿਆਈਆ ਆਪੇ ਖਾਇ ॥
ਜੇ ਹੀ ਸੁਰਤਿ ਤੇਹੈ ਰਾਹਿ ਜਾਇ ॥ ੩ ॥
ਜੇ ਸਉ ਕੂੜੀਆ ਕੂੜੁ ਕਬਾੜੁ ॥



www.AKJ.Org

ਭਾਵੈ ਸਭ ਆਖਉ ਸੰਸਾਰ ॥
ਤੁਧੁ ਭਾਵੈ ਅਧੀ ਪਰਵਾਣੁ ॥
ਨਾਨਕ ਜਾਣੈ ਜਾਣੁ ਸੁਜਾਣੁ ॥ ੪ ॥

ਫਿਰ ਖਾਸ ਪੁਰਬ ਵਾਲੇ ਦਿਨ ਹੋਇਆ ਹੁਕਮ ਵਿਚਾਰ ਲਵੋ :—

ਸਲੋਕ ਮ: ੩ ॥

ਪੂਰਬਿ ਲਿਖਿਆ ਕਮਾਵਣਾ,
ਜਿ ਕਰਤੈ ਆਪਿ ਲਿਖਿਆਸੁ ॥
ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥
ਮਤੁ ਜਾਣਹੁ ਜਗ ਜੀਵ ਦਾ ਦੂਜੈ ਭਾਇ ਮੁਇਆਸੁ ॥
ਜਿਨੀ ਗੁਰਮੁਖਿ ਨਾਮੁ ਨਾ ਚੇਤਿਓ,
ਸੇ ਬਹਿਣ ਨਾ ਮਿਲਨੀ ਪਾਸਿ ॥
ਦੁਖੁ ਲਾਗਾ ਬਹੁ ਅਤਿ ਘਣਾ,
ਪੁਤੁ ਕਲਤੁ ਨ ਸਾਥਿ ਕੋਇ ਜਾਸਿ ॥
ਲੋਕਾ ਵਿਚ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸੁ ॥
ਮਨਮੁਖਾ ਨੋ ਕੋ ਵਿਸਹੀ ਚੁਕਿ ਗਇਆ ਵੇਸਾਸੁ ॥
ਨਾਨਕ ਗੁਰਮੁਖਾ ਨੋ ਸੁਖੁ ਅਗਲਾ,
ਜਿਨਾ ਅੰਤਰਿ ਨਾਮ ਨਿਵਾਸੁ ॥੧॥

ਮ: ੩ ॥

ਸੇ ਸੈਣ ਸੇ ਸਜਣਾ ਜੇ ਗੁਰਮੁਖ ਮਿਲਹਿ ਸੁਭਾਇ ॥
ਸਤਿਗੁਰ ਕਾ ਭਾਣਾ ਅਨਿਦਿਨੁ ਕਰਹਿ,
ਸੇ ਸਚਿ ਰਹੇ ਸਮਾਇ ॥
ਦੂਜੈ ਭਾਇ ਲਗੇ ਸਜਣ ਨਾ ਆਖੀਅਹਿ,
ਜਿ ਅਭਿਮਾਨ ਕਰਹਿ ਵੇਕਾਰ ॥
ਮਨਮੁਖ ਆਪ ਸੁਆਰਥੀ ਕਾਰਜੁ ਨਾ ਸਕਹਿ ਸਵਾਰਿ ॥
ਨਾਨਕ ਪੂਰਬਿ ਲਿਖਿਆ ਕਮਾਵਣਾ,
ਕੋਇ ਨਾ ਮੇਟਣ ਹਾਰੁ ॥ ੨ ॥

ਪਾਉੜੀ ॥

ਤੁਧੁ ਆਪੇ ਜਗਤੁ ਉਪਾਇਕੈ ਆਪੈ ਖੇਲੁ ਰਚਾਇਆ ॥
ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ ॥
ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥
ਜਿਨਾ ਹਰਿ ਆਪਿ ਕ੍ਰਿਪਾ ਕਰੇ,
ਸੇ ਗੁਰਿ ਸਮਝਾਇਆ ॥
ਬਲਿਹਾਰੀ ਗੁਣ ਆਪਣੇ ਸਦਾ ਸਦਾ ਘੁਮਾਇਆ ॥੩॥

ਵਿਖਾਵੇ ਤੌਰ ਤੇ ਪ੍ਰੋਗਰਾਮਾਂ ਦੀ ਖੜਖੱਜ ਤੇ ਘੜਮਸ ਤੋਂ ਉਪ੍ਰੰਤ ਅਗਲੇ ਦਿਨ ੨੪ ਨਵੰਬਰ ਨੂੰ ਹੀ ਗੁਰੂ ਪਿਆਰਿਆਂ ਨੂੰ ਕੁਝ ਮੌਕਾ ਮਿਲਿਆ ਹੋਵੇਗਾ, ਸਤਿਗੁਰ ਦੇ ਦਰਬਾਰ ਵਿਚ ਆਪਣੀ ਸ਼ਰਧਾ ਦੇ ਫੁਲ ਭੇਟ ਕਰਨ ਦਾ। ਉਸੇ ਦਿਨ ਹੀ ਸਚੀ ਸਰਕਾਰ ਨੇ ਉਤਸ਼ਾਹ ਤੇ ਖੁਸ਼ੀਆਂ ਭਰਿਆ ਉਹ ਅਸੀਸਾਂ ਭਰਿਆ ਵਾਕ ਬਖਸ਼ਿਆ, ਜਿਸ ਦੀ ਪਹਿਲੀ ਤੁਕ ਹੈ :—

ਸੰਤਾ ਕੇ ਕਾਰਜਿ ਆਪ ਖਲੋਇਆ,
ਹਰਿ ਕੰਮ ਕਰਾਵਣਿ ਆਇਆ ਰਾਮ ॥

ਇਹ ਉਸ ਤਰ੍ਹਾਂ ਦਾ ਹੀ ਚਮਤਕਾਰ ਸੀ ਜਿਵੇਂ ਕਿ ਬਾਬਾ ਜੋ ਪਾਖੰਡਾਂ ਤੇ ਭਰਮਾਂ ਭਰੀ ਸ੍ਰਿਸ਼ਟੀ ਤੇ ਵਿਚਰਦਿਆਂ ਉਹਨਾਂ ਪਾਖੰਡਾਂ ਤੇ ਭਰਮਾਂ ਨੂੰ ਉਘੇੜਨ ਲਈ ਪਹਿਲਾਂ ਤਾੜਨਾ ਕਰਦੇ ਹੋਣ, ਫਿਰ ਉਹਨਾਂ ਵਿਸ਼ੇਸ਼ ਵਿਅਕਤੀਆਂ ਨੂੰ ਸ਼ਾਬਸ ਦਿਦੇ ਹੋਣ, ਜਿਨ੍ਹਾਂ ਨੇ ਮੂਰਖਤਾ ਤੇ ਮਨਮਤਿ ਭਰਿਆ ਰਸਤਾ ਤਿਆਗ ਕੇ ਉਹਨਾਂ ਦੀ ਅਗਵਾਈ ਪ੍ਰਵਾਨ ਕਰ ਲਈ ਹੋਵੇ।

ਹੁਣ ਐਸੇ ਸੁਭਾਗੇ ਸਜਣ ਠੱਗੀ, ਚੋਰੀ, ਵਿਖਾਵੇ, ਨਾਟਕਾਂ, ਚੇਟਕਾਂ, ਤਮਾਸ਼ਿਆਂ ਵਾਲੀ ਟੋਲੀ ਜਾਂ ਲਾਣੇ ਨੂੰ ਲਾਂਭੇ ਕਰਕੇ ਸਤ ਸੰਗਤਿ ਦੇ ਮਤਵਾਲੇ ਬਣ ਜਾਂਦੇ ਹਨ। ਉਹ ਝੂਠ ਨੇਕੀ ਬਦੀ, ਅਸਲ ਨਕਲ, ਗੁਰਮਤ ਮਨਮਤ ਦੇ ਪਾਰਖੂ ਹੋ ਜਾਂਦੇ ਹਨ। ਉਹ ਗੁਰਮਤ ਦੇ ਅਨੁਸਾਰ ਆਪਣਾ ਟਕਸਾਲੀ ਜੀਵਨ ਘੜਨ ਦਾ ਯਤਨ ਕਰਦੇ ਹਨ। ਉਹ ਮਨ ਕਰਕੇ ਸੁਖੀ ਹੋ ਜਾਂਦੇ ਹਨ, ਉਹਨਾਂ ਨੂੰ ਸਾਰੀ ਸ੍ਰਿਸ਼ਟੀ ਸੁਖਦਾਈ ਲਗਦੀ ਹੈ।


www.AKJ.Org

ਹਉਮੈ ਰੋਗ ਦੇ ਸ਼ਿਕਾਰ ਹੋਇਆਂ ਲਈ ਖਿਝ, ਬੇਚੈਨੀ ਤੇ ਸਾੜਾ ਹੈ। ਉਹਨਾਂ ਨੂੰ ਸਾਰੀ ਦੁਨੀਆਂ ਹਉ ਆਸਰੇ ਕੰਮ ਕਰ ਰਹੀ ਪ੍ਰਤੀਤ ਹੁੰਦੀ ਹੈ। ਅਸਲ ਵਿਚ ਹਉ ਭਰੇ ਮਨਮੁਖ ਤੇ ਹਉ ਰਹਿਤ ਗੁਰਮੁਖ ਸਾਰੇ ਹੀ ਕਰਤਾਰ ਦੇ ਹੁਕਮ ਵਿਚ ਚਲ ਰਹੇ ਹਨ। ਦੁਖ ਸੁਖ ਉਹਨਾਂ ਦੇ ਕਰਮ ਫਲ ਕਰਨਹਾਰ ਆਪ ਭੁਗਤਾ ਰਿਹਾ ਹੈ। ਦੁਖ ਸੁਖ ਦੇ ਵਿਜੋਗ ਸੰਜੋਗ ਉਸਦੇ ਆਪਣੇ ਹੀ ਹਥ ਹਨ। ਅਸੀਂ ਕੁਝ ਕਰ ਸਕਦੇ ਹਾਂ ਜਾਂ ਕਰਦੇ ਹਾਂ; ਇਹ ਇਕ ਭਰਮ ਹੈ। ਨਾਮ ਦੀ ਕਮਾਈ ਨਾਲ ਜਿਸ ਨੇ ਇਹ ਭਰਮ ਭੁਲੇਖਾ ਚਕਨਾ ਚੂਰ ਕਰ ਲਿਆ, ਉਸ ਦੇ ਭਾਣੇ ਕੋਈ ਆਪੋਂ ਨਹੀਂ ਭੁਲਿਆ ਜਾ ਰਿਹਾ ਦਿਸਦਾ। ਉਸ ਨੂੰ ਸਰਬਤਰ ਬ੍ਰਹਮ ਦਾ ਹੁਕਮ ਪਸਰ ਰਿਹਾ, ਕੰਮ ਕਰ ਰਿਹਾ ਪ੍ਰਤੀਤ ਹੁੰਦਾ ਹੈ। ਗੁਰੂ ਦੀ ਸੰਗਤ ਵਿਚ ਵਸ ਰਸ ਕੇ ਉਸ ਦਾ ਮਨ ਸੀਤਲ ਹੋ ਗਿਆ ਹੁੰਦਾ ਹੈ। ਉਸ ਨੂੰ ਸਾਰੀ ਸ੍ਰਿਸ਼ਟੀ ਠੰਢਾਂ ਪਉਣ ਵਾਲੀ ਪਰਤੀਤ ਹੁੰਦੀ ਹੈ। ਜਿਸ ਦਾ ਮਨ ਹਉਮੈ ਰੋਗ ਵਿਚ ਫਸਿਆ ਰਹਿੰਦਾ ਹੈ, ਉਹ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ ਤੇ ਜੰਮਦਾ ਮਰਦਾ ਵਿਰਲਾਪ ਕਰਦਾ ਰਹਿੰਦਾ ਹੈ। ਸਤਿਗੁਰੂ ਦਾ ਬਖਸ਼ਿਆ ਗਿਆਨ ਅੰਜਨ ਜਿਸ ਗੁਰਮੁਖ ਤੇ ਨੇਤਰਾਂ ਵਿਚ ਪੈ ਗਿਆ, ਉਸ ਨੂੰ ਸਾਰੀ ਅਸਲੀਅਤ ਦੀ ਸੋਝੀ ਹੋ ਆਂਵਦੀ ਹੈ। ਬੇਮੁਖਾਂ ਸਾਕਤਾਂ ਲਈ ਅਗਿਆਨ ਦਾ ਘੁਪ ਅੰਧੇਰਾ ਰਹਿੰਦਾ ਹੈ, ਉਹ ਮੁੜ ਮੁੜ ਭਰਮਦੇ ਤੇ ਟੱਕਰਾਂ ਖਾਂਦੇ ਰਹਿੰਦੇ ਹਨ। ਸੋ ਗੁਰੂ ਪਿਆਰੇ, ਗੁਰੂ ਸੰਵਾਰੇ ਵਾਹਿਗੁਰੂ ਪਾਸੋਂ ਇਸੇ ਸੁਖ ਦੀ ਯਾਚਨਾ ਕਰਦੇ ਰਹਿੰਦੇ ਹਨ ਕਿ ਜਿਥੇ ਗੁਰਮੁਖ ਗੁਖਸਿਖ ਸਾਧੂ ਜਨ ਤੇਰਾ ਜਸ ਗਾਉਂਦੇ ਹੋਣ, ਉਥੇ ਹੀ ਸਾਡਾ ਮਨ ਲਗੇ।

ਉਪਰੋਕਤ ਵਿਚਾਰ ਉਸ ਸ਼ਬਦ ਨੂੰ ਮੁਖ ਰਖ ਕੇ ਹੋਈ ਹੈ ਜੋ ਪਿਛਲੇ ਸਾਲ ਕਤਕ ਦੀ ਪੂਰਨਮਾਸ਼ੀ ਨੂੰ ਗੁਰੂ ਮਹਾਰਾਜ ਨੇ ਹਰਮੰਦਰ ਸਾਹਿਬ ਵਿਚੋਂ ਆਪਣੀਆਂ ਸੰਗਤਾਂ ਪ੍ਰਤੀ ਬਖਸ਼ਿਆ। ਪਾਠਕਾਂ ਦੀ ਸਹੂਲਤ ਲਈ ਉਹ ਸ਼ਬਦ, ਲਗਾਂ-ਮਾਤ੍ਰਾ ਤਕ ਸੋਧ ਕੇ ਹੇਠਾਂ ਦਰਜ ਕੀਤਾ ਜਾਂਦਾ ਹੈ :—

ਸੋਰਠਿ ਮਹੱਲਾ ॥ ੫ ॥

ਸੁਖੀਏ ਕਉ ਪੇਖੈ ਸਭ ਸੁਖੀਆ,
ਰੋਗੀ ਕੈ ਭਾਣੈ ਸਭ ਰੋਗੀ ॥
ਕਰਨ ਕਰਾਵਨ ਹਾਰ ਸੁਆਮੀ,
ਆਪਨ ਹਾਥਿ ਸੰਜੋਗੀ । ੧ ॥
ਮਨ ਮੇਰੇ ਜਿਨਿ ਅਪੁਨਾ ਭਰਮਿ ਗਵਾਤਾ ॥
ਤਿਸ ਕੈ ਭਾਣੈ ਕੋਇ ਨਾ ਭੂਲਾ,
ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥
ਸੰਤਿ ਸੰਗਿ ਜਾ ਕਾ ਮਨੁ ਸੀਤਲੁ,
ਓਹ ਜਾਣੈ ਸਗਲੀ ਠਾਂਢੀ ॥
ਹਉਮੈ ਰੋਗਿ ਜਾਕਾ ਮਨੁ ਬਿਆਪਤਿ,
ਓਹੁ ਜਨਮਿ ਮਰੈ ਬਿਲਲਾਤੀ ॥ ੨ ॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ,
ਤਾਕਉ ਸਰਬ ਪ੍ਰਗਾਸਾ ॥
ਅਗਿਆਨ ਅੰਧੇਰੈ ਸੂਝਸਿ ਨਾਹੀ,
ਬਹੁੜਿ ਬਹੁੜਿ ਭਰਮਾਤਾ ॥
ਸੁਣਿ ਬੇਨੰਤੀ ਸੁਆਮੀ ਆਪੁਨੇ,
ਨਾਨਕੁ ਇਹੁ ਸੁਖੁ ਮਾਗੈ ॥
ਜਹੁ ਕੀਰਤਨ ਤੇਰਾ ਸਾਧੂ ਗਾਵਹਿ ਮੇਰਾ ਮਨੁ ਲਾਗੈ ॥

ਅੰਤ ਵਿਚ ਮੈਂ ਆਪ ਜੀ ਦਾ ਧਿਆਨ ਉਸ ਸਿੰਘ-ਨਾਦ ਵਲ ਦਿਵਾਉਣਾ ਚਾਹੁੰਦਾ ਸਾਂ, ਜੋ ਏਸੇ ਮਹੀਨੇ ਦੀ ਦੋ ਤਰੀਖ ਨੂੰ ਸ੍ਰੀ ਹਰਮੰਦਰ ਸਾਹਿਬ ਤੋਂ ਗੁਰਦੇਵ ਨੇ ਆਪਣੇ ਕੁਲ ਸਿਖਾਂ ਪ੍ਰਤੀ ਸੁਣਾਇਆ। ਅਖੰਡ ਕੀਰਤਨੀ ਜਥੇ ਵਲੋਂ ਰਖੇ ਗਏ ਅਖੰਡ ਪਾਠ ਦੀ ਸਮਾ-ਪਤੀ ਪਿਛੋਂ ਜਲੰਧਰ ਵਿਖੇ ਇਸੇ ਦਿਨ ਲਗ ਭਗ ਉਸੇ ਸਮੇਂ ਇਹੋ ਫ਼ੁਰਮਾਨ ਪ੍ਰਾਪਤ ਹੋਇਆ।



www.AKJ.Org

ਰਾਗੁ ਸੋਰਠਿ ਮਹਲਾ । ੧ । ਘਰ ੧ ॥
ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ।।
ਨਾਮੁ ਬੀਜੁ ਸੰਤੋਖ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਤ ਭਾਗਠੁ ਦੇਖੁ ॥ ੨ ॥
ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ,
ਵਿਰਲਾ ਬੂਝੈ ਕੋਇ ॥ ਰਹਾਉ ॥
ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸਨੋ ਰਖੁ ।
ਵਣਜਾਰਿਆ ਸਿਉ ਵਣਜੁ ਕਰਿ,
ਲੈ ਲਾਹਾ ਮਨ ਹਸੁ ॥ ੨ ॥
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਿ ਕਲੁ ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖ ਲਹਹਿ ਮਹਲੁ ॥੩।
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥
ਬਨੁ ਬਦੀਆ ਕਰਿ ਧਾਵਣੀ ਤਾਕੋ ਆਖੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ,
ਚੜੇ ਚਵਗਣ ਵੰਨੁ ॥ ੪ ॥ ੨ ॥

ਇਹਨਾਂ ਚਾਰ ਅੰਗਾਂ ਵਿਚ ਸੱਚੇ ਪਾਤਸ਼ਾਹ ਨੇ ਨੰਬਰਵਾਰ ਸੱਚੀ, ਕਿਰਸਾਣੀ ਵਣਜੁ, ਸਉਦਾਗਰੀ ਤੇ ਚਾਕਰੀ ਕਰਨ ਦਾ ਵਲ ਦਸਿਆ ਹੈ। ਸਾਡੀ ਹਰ ਕਿਰਤ ਇਹਨਾਂ ਚਾਰ ਵੰਡਾਂ ਵਿਚੋਂ ਕਿਸੇ ਨਾ ਕਿਸੇ ਵਿਚ ਆ ਜਾਂਦੀ ਹੈ। ਅਸਾਂ ਗੁਰਮਤ ਅਨੁਸਾਰ ਸੱਚਾ ਵਣਜਾਣਾ ਸਉਦਾਗਰ ਤੇ ਚਾਕਰ ਬਣਨ ਦਾ ਉਦਮ ਕਰਨਾ ਹੈ । ਕਿਰਤ ਕਰਨਾ ਸਾਡਾ ਧਰਮ ਹੈ, ਸਾਡੀ ਲੋੜ ਹੈ, ਇਸ ਕਿਰਤ ਨੂੰ ਫਲ ਲਾਣਾ ਸਤਿਗੁਰ ਦਾ ਬਿਰਦ ਹੈ, ਉਸ ਦੀ ਮਿਹਰ ਹੈ । ਅਸੀਂ ਹਥ ਕਾਰ ਵਲ ਦਿਲ ਯਾਰ ਵਲ ਰਖਣਾ ਹੈ। **ਹੱਥਾਂ ਪੈਰਾਂ ਰਾਹੀਂ ਸਾਰੇ ਕੰਮ ਕਰਦਿਆਂ ਚਿਤ ਨਿਰੰਜਨ ਨਾਲ ਜੋੜੀ ਰੱਖਣ ਦਾ ਜਤਨ ਕਰਨਾ ਹੈ।** ਅਸੀਂ ਇਸ ਹੁਕਮ ਨੂੰ ਭੁਲ ਕੇ ਕੰਮਾ ਕਾਰਾਂ ਨੂੰ ਕੇਵਲ ਮਾਇਆ ਕਮਾਣ ਦਾ ਵਸੀਲਾ ਸਮਝ ਲੈਂਦੇ ਹਾਂ। ਸਤਿਗੁਰੂ ਬੜੇ ਪਿਆਰ ਨਾਲ ਆਪਣੇ ਸਿਖਾਂ ਪੁਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਸਮਝਾਉਂਦੇ ਹਨ ਕਿ ਹੇ ਪਿਆਰਿਓ ਮਾਇਆ ਸਾਥ ਨਹੀਂ ਜਾਂਦੀ। ਇਸ ਮਾਇਆ ਨੇ ਭਾਵੇਂ ਸਾਰੇ ਜਗ ਨੂੰ ਭਰਮਾਇਆ ਹੋਇਆ ਹੈ ਪਰ ਕੋਈ ਵਿਰਲਾ ਗੁਰਮੁਖ ਪਿਆਰਾ ਮਾਇਆ ਦਾ ਸੁਭਾ ਅਸਲੀਅਤ ਸਮਝਦਾ ਹੋਇਆ ਇਸ ਦੇ ਵਿਚ ਖਚਤ ਨਹੀਂ ਹੋਇਆ। ਮਾਇਆ ਤਾਂ ਬੰਦੀ ਹੈ, ਸਤਿਗੁਰ ਦੇ ਦਰ ਦੀ । ਭਾਈ ਗੁਰਦਾਸ ਜੀ ਨੇ ਕਿਹਾ ਹੈ 'ਬੰਦੇ ਦਾ ਬੰਦਾ' ਮਨਮੁਖ ਹੋਂਦਾ ਹੈ। ਜਿਹੜਾ ਬੰਦੀ ਦਾ ਬੰਦਾ (ਗੁਲਾਮ ਸੇਵਕ) ਬਣ ਜਾਵੇ, ਉਸ ਦਾ ਕੀ ਨਾਂ ਧਰਿਆ ਜਾਵੇ ? ਗੁਖਸਿਖੋ, ਗੁਖਮੁਖੋ ਗੁਰੂ ਸਾਹਿਬ ਦੇ ਹੁਕਮਨਾਮੇ ਨੂੰ ਜੀਵਨ ਵਿਚ ਅਮਲਾਉਣ ਦੀ ਲੋੜ ਹੈ । ਉਦਮ ਕਰਨਾ ਸਾਡਾ ਮੁਖ ਫਰਜ਼ ਹੈ । ਉਦਮ ਨਾਲ ਹੀ ਮਨ ਆਪਣੇ ਨੂੰ ਗੁਰੂ ਦਸੀ ਕਾਰ ਲਈ ਪਰੇਰਨਾ ਹੈ । ਮਨ ਨੇ ਹੀ ਹਾਲੀ (ਕਿਰਸਾਣ), ਵਣਜਾਰਾ, ਸੌਦਾਗਰ ਤੇ ਚਾਕਰ ਬਣ ਕੇ ਗੁਰੂ ਦੀ ਦਸੀ ਕਿਰਸਾਣੀ, ਵਣਜ, ਸੌਦਾਗਰੀ ਤੇ ਚਾਕਰੀ ਕਰਣ ਲਈ ਤਿਆਰ ਬਰ ਤਿਆਰ ਹੋਣਾ ਹੈ। ਸਾਡੇ ਸਿਰਜਣਹਾਰ ਸੁਆਮੀ ਨੇ ਦਇਆਲ ਹੋ ਕੇ ਅਸਾਂ ਨਾਮ ਧਰੀਕਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਦੀ ਰਸਨਾ ਰਾਹੀਂ ਉਪਦੇਸ਼ ਸੁਣਾਇਆ ਹੈ। ਸਾਡੇ ਵਿਚੋਂ ਹਰ ਇਕ ਹੀ ਇਸ ਦੀ ਕਮਾਈ ਦਾ ਅਧਿਕਾਰੀ ਹੈ। ਕੀ ਹੋਇਆ ਜੇ ਕਿਸੇ ਪਾਸ ਜ਼ਮੀਨ ਨਹੀਂ, ਤਨ ਖੇਤ ਤਾਂ ਹਰ ਇਕ ਪਾਸ ਹੈ। ਜੇ ਹੋਰ ਹੱਟੀ ਨਹੀਂ ਜੁੜੀ ਤਾਂ ਆਰਜਾ [ਉਮਰ, ਜੀਵਨ] ਰੂਪੀ ਹੱਟ ਤਾਂ ਘਟੋ ਘਟ ਹਰ ਇਕ ਨੂੰ ਪ੍ਰਾਪਤ ਹੈ। ਇਸ ਦੀ


www.AKJ.Org

ਕਦਰ ਕਰਨੀ ਚਾਹੀਦੀ ਹੈ। ਇਸ ਮਨੁਖੀ ਜੀਵਨ ਨੂੰ ਦੇਵਤੇ ਤਰਸਦੇ ਹਨ। ਸਾਨੂੰ ਪ੍ਰਾਪਤ ਹੋਇਆ ਹੈ ਤਾਂ ਇਸ ਦੀ ਸਹੀ ਵਰਤੋਂ ਕਰਨ ਦਾ ਜਤਨ ਕਰੀਏ। ਸਚੀ ਕਿਰਸਾਣੀ ਕਰਨ ਲਈ ਨਾਮੁ ਰੂਪੀ ਬੀਜੁ, ਸੱਚੀ ਦੁਕਾਨਦਾਰੀ ਜਾਂ ਸੱਚੇ ਵਣਜ ਲਈ ਸਚੁ ਨਾਮ ਰੂਪੀ ਵਥੁ ਅਥਵਾ ਸੌਦਾ, ਸੱਚੀ ਸੌਦਾਗਰੀ ਲਈ ਸਤੁ ਰੂਪੀ ਘੋੜੇ ਅਤੇ ਸਚੀ ਚਾਕਰੀ ਕਰਨ ਲਈ ਨਾਮੁ ਰੂਪੀ ਕੰਮੁ ਸਾਨੂੰ ਜੁੜ ਗਿਆ ਹੈ।

ਲੋੜ ਹੈ ਦਮਬਦਮ ਇਸ ਕਮਾਈ ਵਿਚ ਚਿਤ ਲਾਇ ਕੇ ਜੁਟਣ ਦੀ। ਕਿਸੇ ਦੀ ਘਾਲ ਬਿਰਥੀ ਨਹੀਂ ਜਾਏਗੀ। ਸਤਿਗੁਰੂ ਨੇ ਫਰਮਾਇਆ ਹੈ ਇਸ ਕਮਾਈ ਵਿਚ ਲਗਣ ਵਾਲਿਆਂ ਦੇ ਘਰ ਭਾਗਾਂ ਨਾਲ ਭਰਪੂਰ ਹੋਏ ਵੇਖੋਗੇ, ਤੇ ਉਹਨਾਂ ਦੇ ਮਨ ਸਦਾ ਵਿਗਾਸ ਵਾਲੇ ਖੇੜੇ ਪ੍ਰਾਪਤ ਕਰਨਗੇ, ਉਹ ਨਿਰੰਕਾਰੀ ਦੇ ਦੇਸ ਪਹੁੰਚਾਏ ਜਾਣਗੇ ਅਤੇ ਮਹੱਲਾਂ ਵਾਲੇ ਸੁਖ ਪਾਉਣਗੇ। ਉਹਨਾਂ ਉਤੇ ਮਿਹਰ ਦੀ ਨਜ਼ਰ ਹੋਵੇਗੀ ਅਤੇ ਉਹਨਾਂ ਦੇ ਚਿਹਰਿਆਂ ਤੇ ਚਵਗਣ ਲਾਲੀਆਂ ਚੜ੍ਹਨਗੀਆਂ।

----


## ☬ ਸਿਮਰਨੇ ਤੇ ਖੰਡੇ ☬

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ।

ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖ਼ਾਲਸਾ ਨਿਸ਼ਾਨ ਮੇਕਰ,
90, ਲਾਲ ਕੁਆਰਟਰ, ਆਜ਼ਾਦ ਨਗਰ, ਮਾਰਕੀਟ,
ਲੁਧਿਆਣਾ।




www.AKJ.Org

# ਪ੍ਰਭ ਮੋਹਿ ਕਬ ਗਲ ਲਾਵਹਿਗੇ..........?

—ਹਰਬੰਸ ਸਿੰਘ

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ।
ਪਾਇ ਲਗਉ ਮੋਹਿ ਕਰਉ ਬੇਨਤੀ,
ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥
ਮਨੁ ਅਰਪਉ ਧਨੁ ਰਖਉ ਆਗੈ,
ਮਨ ਕੀ ਮਤਿ ਮੋਹਿ ਸਗਲ ਤਿਆਗੀ,
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ,
ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ ੧ ॥
(ਗਉੜੀ ਮ: ੫)
ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ......
ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ......
ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ...... !
(ਮੇਰੇ ਮਨ ਵਿਚ ਪ੍ਰਭੂ ਨੂੰ ਮਿਲਨ ਦੀ ਪ੍ਰੀਤ ਲਗੀ ਹੋਈ ਹੈ ।)
ਮਨਿ ਬੈਰਾਗੁ ਭਇਆ,
ਦਰਸਨੁ ਦੇਖਣੈ ਕਾ ਚਾਉ .. ... ।
ਦਰਸਨੁ ਦੇਖਣੈ ਕਾ ਚਾਉ,
ਦਰਸਨ ਦੇਖਣੈ ਕਾ ਚਾਉ......।
ਮਨਿ ਬੈਰਾਗੁ ਭਇਆ,
ਦਰਸਨੁ ਦੇਖਣੈ ਕਾ ਚਾਉ ......।
ਮੇਰੇ ਮਨਿ ਪ੍ਰੇਮ ਲਗੋ ਹਰਿ ਤੀਰ ...... ।
ਮੇਰੇ ਮਨਿ ਪ੍ਰੇਮ ਲਗੋ ਹਰਿ ਤੀਰ ......।
ਹਰਿ ਦਰਸਨੁ ਕਉ ਮੇਰਾ ਮਨ ਬਹੁ ਤਪਤੈ,
ਜਿਉ ਤ੍ਰਿਖਵੰਤ ਬਿਨੁ ਨੀਰ ॥

(ਪ੍ਰਭੂ ਦੇ ਦਰਸ਼ਨ ਨੂੰ ਮੇਰਾ ਮਨ ਇਉਂ ਤੜਫ ਰਿਹਾ ਹੈ ਜਿਵੇਂ ਪਾਣੀ ਤੋਂ ਬਿਨਾ ਪਿਆਸਾ ਜੀਵ ।) ...! ਰਹਿ ਦਰਸਨ ਕਉ ਮੇਰਾ ਮਨ ਬਹੁ ਤਪਤੈ...... ਮਨ ਬਹੁ ਤਪਤੈ......ਮਨ ਬਹੁ ਤਪਤੈ...... ਹਰਿ ਦਰਸਨ ਕਉ ......ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੈ ......ਜਿਉਂ ਤ੍ਰਿਖਾਵੰਤ ਬਿਨੁ ਨੀਰ ... ਮਨ ਬਹੁ ਤਪਤੈ......ਬਿਲਪ ਕਰੇ ਚਾਤ੍ਰਿਕ ਕੀ ਨਿਆਈ ......ਬਿਲਪ ਕਰੇ ਚਾਤ੍ਰਿਕ ਕੀ ਨਿਆਈ (ਪਪੀਹੇ ਵਾਂਗ ਵਿਲਪ ਰਿਹਾ ਹੈ—ਪ੍ਰਿਉ ਪ੍ਰਿਉ ਕਰ ਰਿਹਾ ਹੈ ।)...... !

ਮਾਈ ਧੀਰਿ ਰਹੀ, ਪ੍ਰਿਅ ਬਹੁਤ ਬਿਰਾਗਿਉ । (ਧੀਰਜ ਮੁਕ ਗਈ । ਜੀਵ ਰੂਪ ਇਸਤ੍ਰੀ ਬਹੁਤ ਵੈਰਾਗ ਗਈ ।)ਅਨਿਕ ਭਾਂਤਿ ਆਨੂਪ ਰੰਗ ਰੇ, ਤਿਨੁ ਸਿਉ ਰੁਚੈ ਨ ਲਾਗਿਓ......ਤਿਨ ਸਿਉ ਰੁਚੈ ਨਾ ਲਾਗਿਉ ( ਅਨੇਕਾਂ ਪ੍ਰਕਾਰ ਦੇ ਰੰਗ ਤਮਾਸ਼ਿਆਂ ਵਿਚ ਦਿਲ ਨਹੀਂ ਲਗਦਾ) ......। ਮਾਈ ਧੀਰਿ ਰਹੀ ......ਮਾਈ ਧੀਰਿ ਰਹੀ, ਪ੍ਰਿਆ ਬਹੁਤ ਬਿਰਾਗਿਉ... ਪ੍ਰਿਆ ਬਹੁਤ ਬਿਰਾਗਿਓ...।

ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖ ਟੇਰਉ,
ਨੀਂਦ ਪਲਕ ਨਹੀਂ ਜਾਗਿਉ ॥
ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ,



www.AKJ.Org

ਬਿਨ ਪਿਰ ਸਭੈ ਬਿਖੁ ਲਾਗਿਓ ॥ ੧॥
ਪੂਛਉ ਪੂਛਉ ਦੀਨ ਭਾਂਤਿ ਕਰਿ,
ਕੋਉ ਕਹੈ ਪ੍ਰਿਅ ਦੇਸਾਂਗਿਉ ॥
ਹੀਉ ਦੇਉ ਸਭ ਮਨੁ ਤਨੁ ਅਰਪਉ,
ਸੀਸੁ ਚਰਣ ਪਰਿ ਰਾਖਿਓ ॥ ੨ ॥
ਚਰਨ ਬੰਦਨਾ ਅਮੋਲ ਦਾਸਰੋ,
ਦੇਉ ਸਾਧ ਸੰਗਤਿ ਅਰਦਾਗਿਓ ॥
ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ,
ਨਿਮਖ ਦਰਸੁ ਪੇਖਾਗਿਓ ॥ ੩॥
(ਸਾਰੰਗ ਮ: ੫)

ਰਾਤ ਦਿਨੇ ਮੂੰ ਹੋਂ ਪ੍ਰਿਆ ਪ੍ਰਿਆ (ਪਤੀ ਪਤੀ) ਕੂਕਦੀ ਹਾਂ ਰਤਾ ਪਲ ਭਰ ਭੀ ਨੀਂਦ ਨਹੀਂ ਆਉਂਦੀ ਅਤੇ ਜਾਗਦੀ ਰਹਿੰਦੀ ਹਾਂ। ਹਾਰ, ਸੁਰਮਾਂ, ਕਪੜੇ ਜਿਹੜੇ ਅਨੇਕ ਪ੍ਰਕਾਰ ਦੇ ਸ਼ਿੰਗਾਰ ਹਨ ਉਹ ਪਤੀ ਪਰਮਾਤਮਾ ਤੋਂ ਬਿਨਾਂ ਜ਼ਹਿਰ ਵਰਗੇ ਲਗਦੇ ਹਨ। ਨਿਮਾਣਿਆਂ ਦੀ ਤਰ੍ਹਾਂ ਪੁੱਛਾਂ ਪੁੱਛਦੀ ਫਿਰਦੀ ਹਾਂ ਕੋਈ ਪ੍ਰਭੂ ਪਤੀ ਦਾ ਦੇਸ ਅਥਵਾ ਰਹਿਣ ਦੀ ਥਾਂ ਦਸ ਦੇਵੇ। ਉਸ ਨੂੰ ਮੈਂ ਆਪਣਾ ਜੀਅ ਕੁਰਬਾਨ ਕਰ ਦਿਆਂ, ਮਨ ਤਨ ਵੀ ਸਾਰਾ ਅਰਪਨ ਕਰ ਦਿਆਂ ਅਤੇ ਚਰਨਾਂ ਉਪਰ ਸਿਰ ਰਖ ਦਿਆਂ। ਅਮੋਲ ਦਾਸਰੇ (ਤਨਖਾਹ ਤੋਂ ਬਿਨਾਂ ਨੌਕਰ) ਦੀ ਚਰਨਾਂ ਵਿਚ ਬੰਦਨਾ ਹੈ ਕਿ ਮੈਨੂੰ ਸਾਧ ਸੰਗਤ ਦਾ ਦਾਸ ਕਰ ਦਿਉ ਕ੍ਰਿਪਾ ਕਰਕੇ ਮੈਨੂੰ ਪ੍ਰਭੂ ਮਿਲਾ ਦਿਓ ਤਾਂ ਕਿ ਮੈਂ ਪ੍ਰਤੱਖ ਦਰਸ਼ਨ ਕਰਾਂ।

ਹੇ ਮਾਈ ! ਮੇਰਾ ਸਬਰ ਮੁੱਕ ਗਿਆ ਹੈ, ਬਿਰਹੋਂ ਦੇ ਨਾਗ ਨੇ ਕੀਲ ਛੱਡਿਆ ਹੈ। ਸਾਰੀ ਰਾਤ ਉਡੀਕਦੀ ਰਹਿੰਦੀ ਹਾਂ ਕਿ ਪ੍ਰੀਤਮ ਕਦੋਂ ਘਰ ਆਵੇ। "ਹਰਿ ਕੀ ਪਿਆਸ ਪਿਆਸੀ ਕਾਮਨਿ, ਦੇਖਉ ਰੈਨਿ ਸਬਾਈ।" (ਸਰੰਗ ਮ: ੧)

ਹਰਿ ਕੀ ਪਿਆਸ ਪਿਆਸੀ ਕਾਮਨਿ ...... ਦੇਖਉ ਰੈਨਿ ਸਬਾਈ...... ਦੇਖਿਉ ਰੈਨਿ ਸਬਾਈ ...... !

ਉਡੀਨੀ ਉਡਨੀ ਉਡੀਨੀ। ਕਬ ਘਰਿ ਆਵੈ ਰੀ ...... ਕਬ ਘਰਿ ਆਵੈ ਰੀ...... ਕਬ ਘਰਿ ਅਵੈ ਰੀ ...... !

ਮੋਹਨ ਨੀਂਦ ਨ ਆਵੈ ਹਾਵੈ
ਹਾਰ ਕਜਰ ਬਸਤ੍ਰ ਅਭਰਨ ਕੀਨ ॥
ਉਡੀਨੀ ਉਡੀਨੀ ਉਡੀਨੀ,
ਕਬ ਘਰਿ ਆਵੈ ਰੀ ॥ ੧ ॥ ਰਹਾਉ।
ਸਰਨਿ ਸੁਹਾਗਨਿ ਚਰਨ ਸੀਸੁ ਧਰਿ,
ਲਾਲਨੁ ਮੋਹਿ ਮਿਲਾਵਹੁ,
ਕਬ ਘਰਿ ਆਵੈ ਰੀ ॥ (ਬਿਲਾਵਲੁ ਮ:੫)

ਪ੍ਰੀਤਮ ਦੇ ਵਿਛੋੜੇ ਕਰਕੇ ਮੈਨੂੰ ਨੀਂਦ ਨਹੀਂ ਆਉਂਦੀ। ਇਸੇ ਹੀ ਕਾਰਨ ਮੈਂ ਹਉਕੇ ਲੈਂਦੀ ਹਾਂ ਪ੍ਰਭੂ ਦੇ ਮਿਲਣ ਲਈ ਮੈਂ ਹਾਰ (ਨਾਮ ਜਪਣਾ), ਸੁਰਮਾ (ਸਮਾਧੀ ਲਾਉਣੀ), ਕਪੜੇ (ਪਰੇਮ ਕਰਨਾ) ਅਪਨਾਏ ਹਨ। ਫਿਰ ਵੀ ਮੈਂ ਉਦਾਸ ਰਹਿੰਦੀ ਹਾਂ ਕਿ ਪਤੀ ਪਰਮਾਤਮਾਂ ਕਦੋਂ ਘਰ ਆਵੇਗਾ ਅਥਵਾ ਕਦੋਂ ਦਰਸ਼ਨ ਹੋਣਗੇ ? ਹੇ ਸੁਹਾਗਣੋ! ਮੈਂ ਤੁਹਾਡੀ ਸ਼ਰਨ ਵਿਚ ਆਕੇ ਚਰਨਾਂ ਉਤੇ ਸਿਰ ਰੱਖਕੇ ਬੇਨਤੀ ਕਰਦੀ ਹਾਂ ਕਿ ਉਹ ਮੇਰਾ ਪਿਆਰਾ ਮਾਲਕ ਮੈਨੂੰ ਮਿਲਾਓ। ਮੈਨੂੰ ਦੱਸੋ ਉਹ ਮੇਰਾ ਪਿਆਰਾ ਕਦੋਂ ਘਰ ਆਵੇਗਾ ?

"ਪੰਥੁ ਨਿਹਾਰੇ ਕਾਮਨੀ ਲੋਚਨ ਭਰੀ, ਲੇ ਉਸਾਸਾ,
ਉਰਨ ਭੀਜੈ, ਪਗੁ ਨ ਖਿਸੈ, ਰਹਿ ਦਰਸਨ ਕੀ
ਆਸਾ ॥" (ਰਾਗ ਗਉੜੀ, ਕਬੀਰ ਜੀ)

ਬਿਰਹਣ ਇਸਤਰੀ ਅੱਖਾਂ ਭਰਕੇ ਲੰਮੇਂ ਲੰਮੇਂ


www.AKJ.Org

ਸਾਹ ਲੈਂਦੀ ਹੈ ਅਤੇ ਪਤੀ ਦਾ ਰਸਤਾ ਦੇਖਦੀ ਹੈ। ਰਿਦਾ ਪਰੇਮ ਨਾਲ ਭਿਜਦਾ ਨਹੀਂ ਅਤੇ ਪੈਰ ਖਿਸਕਦਾ ਨਹੀਂ ਕਿਉਂਕਿ ਵਾਹਿਗੁਰੂ ਦੇ ਦਰਸ਼ਨ ਦੀ ਆਸਾ ਹੈ।

"ਹਰਿ ਬਿਨ ਰਹਿ ਨ ਸਕਉ ਇਕ ਰਾਤੀ .....!
ਹਰਿ ਬਿਨ ਹਰਿ ਨ ਸਕਉ ਇਕ ਰਾਤੀ..... ।"

... ...

"ਇਕ ਘੜੀ ਦਿਨਸੁ ਮੋ ਕਉ ਬਹੁਤ ਦਿਹਾਰੇ।
ਮਨੁ ਨ ਰਹੈ ਕੈਸੇ ਮਿਲਉ ਪਿਆਰੇ॥
ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ,
ਦਰਸਨ ਕੀ ਮਨਿ ਆਸ ਘਨੇਰੀ, ਕੋਈ ਐਸਾ
ਸੰਤੁ ਮੋ ਕਉ ਪਿਰਹਿ ਮਿਲਾਵੈ॥੧॥ਰਾਹਾਉ॥"
(ਆਸਾ ਮ: ੫)

ਇਕ ਘੜੀ ਦਿਨ ਦੀ ਮੈਨੂੰ ਬਹੁਤ ਦਿਹਾੜਿਆਂ ਵਰਗੀ ਜਾਪਦੀ ਹੈ, ਮੈਂ ਪਿਆਰੇ ਨਾਲ ਕਿਸ ਤਰ੍ਹਾਂ ਮਿਲਾਂ? ਮੇਰਾ ਮਨ ਟਿਕਦਾ ਨਹੀਂ ਹੈ। ਜਿਹੜਾ ਦਿਨ ਦਾ ਇਕ ਪਲ ਹੈ ਉਹ ਵਿਛੋੜੇ ਕਰਕੇ ਬੀਤਣ ਵਿੱਚ ਨਹੀਂ ਆਉਂਦਾ। ਪ੍ਰੀਤਮ ਦੇ ਦਰਸ਼ਨ ਦੀ ਆਸਾ ਮੇਰੇ ਦਿਲ ਵਿਚ ਬਹੁਤ ਲੱਗੀ ਹੋਈ ਹੈ। ਕੋਈ ਅਜੇਹਾ ਭੀ ਸੰਤ ਹੈ ਜੋ ਮੈਨੂੰ ਪ੍ਰੀਤਮ ਨਾਲ ਮਿਲਾ ਦੇਵੇ?

ਇਕ ਘੜੀ ਦਿਨਸੁ ਮੋ ਕਉ ਬਹੁਤ ਦਿਹਾਰੇ
...... ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ
......। ਮਨੁ ਨ ਰਹੈ ਕੈਸੇ ਮਿਲਉ ਪਿਆਰੇ ......
ਕੈਸੈ ਮਿਲਉ ਪਿਆਰੇ . ...ਕੈਸੇ ਮਿਲਉ ਪਿਆਰੇ...।

"ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ।
ਹੈ ਕੋਈ ਸਾਜਨ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ
॥੧॥ ਬਿਨ ਮਿਲਬੇ ਸਾਂਤਿ ਨ ਊਪਜੈ ਤਿਲੁ
ਪਲੁ ਰਹਿਣ ਨ ਜਾਇ, ਹਰਿ ਸਾਧਹ ਸਰਣਾਗਤੀ
ਨਾਨਕ ਪਿਆਸ ਪੁਜਾਇ ॥
(ਰੁਤੀ ਸਲੋਕੁ, ਰਾਮਕਲੀ ਮ: ੫)

ਮੈਂ ਆਸਾ ਵਿੱਚ ਪਿਆਸੀ ਹੋਈ ਫਿਰਦੀ ਹਾਂ, ਉਸ ਪ੍ਰਭੂ ਨੂੰ ਕਦੋਂ ਦੇਖਾਂਗੀ? ਕੋਈ ਇਹੋ ਜੇਹਾ ਸੰਤ ਮੇਰਾ ਸਜਣ ਹੈ ਜਿਹੜਾ ਮੈਨੂੰ ਪਤੀ ਪ੍ਰਮੇਸ਼ਵਰ ਨਾਲ ਮੇਲਣ ਵਾਲਾ ਹੋਵੇ? ਪ੍ਰਭੂ ਨਾਲ ਮਿਲੇ ਬਿਨਾਂ ਸ਼ਾਂਤੀ ਨਹੀਂ ਆਉਂਦੀ। ਥੋਹੜਾ ਜਿਹਾ ਪਲ ਭਰ ਵੀ ਮਿਲੇ ਬਿਨਾਂ ਰਹਿਆ ਨਹੀਂ ਜਾਂਦਾ। ਪ੍ਰਭੂ ਦੇ ਸੰਤਾਂ ਦੀ ਸ਼ਰਨ ਲਈ ਹੈ ਤਾਂ ਜੋ ਆਸ ਪੂਰੀ ਕਰ ਦੇਵੇ।

"ਅਸੁਨਿ ਪ੍ਰੇਮ ਉਮਾਹੜਾ
ਕਿਉ ਮਿਲੀਐ ਹਰਿ ਜਾਇ।
ਮਨਿ ਤਨਿ ਪਿਆਸ ਦਰਸਨ ਘਣੀ
ਕੋਈ ਆਣਿ ਮਿਲਾਵੈ ਮਾਇ।" (ਮਾਝ ਮ: ੫)

ਅੱਸੂ ਮਹੀਨੇ ਪ੍ਰੇਮ ਦਾ ਉਤਸ਼ਾਹ ਹੋਇਆ ਹੈ। ਪ੍ਰਭੂ ਜੀ ਤੈਨੂੰ ਕਿਸ ਤਰ੍ਹਾਂ ਮਿਲੀਏ? ਹੇ ਸੰਤੋ! ਮਨ ਤਨ ਅੰਦਰ ਦਰਸ਼ਨ ਦੀ ਬਹੁਤ ਇੱਛਿਆ ਹੈ। ਕੋਈ ਪ੍ਰਭੂ ਨੂੰ ਲਿਆਕੇ ਮਿਲਾ ਦੇਵੇ।

"ਰੁਤਿ ਸਰਦ ਅਡੰਬਰੋ,
ਅਸੂ ਕਤਕੇ ਹਰਿ ਪਿਆਸ ਜੀਉ।
ਖੋਜੰਤੀ ਦਰਸ਼ਨ ਫਿਰਤ ਕਬ
ਮਿਲੀਐ ਗੁਣ ਤਾਸ ਜੀਉ"
ਬਿਨ ਕੰਤ ਪਿਆਰੇ ਨਹ ਸੂਖਸਾਰੇ
ਹਾਰ ਕੰਙਣ ਧ੍ਰਿਗੁ ਬਨਾ।
ਸੁੰਦਰਿ ਸੁਜਾਣਿ ਚਤੁਰਿ ਬੇਤੀ,
ਸਾਸ ਬਿਨ ਜੈਸੇ ਤਨਾ॥
ਈਤ ਉਤ ਦਹਦਿਸ ਅਲੋਕਨ,
ਮਨਿ ਮਿਲਨ ਕੀ ਪ੍ਰਭ ਪਿਆਸ ਜੀਓ॥
ਬਿਨਵੰਤਿ ਨਾਨਕ ਧਾਰਿ ਕਿਰਪਾ,



www.AKJ.Org

ਮੇਲਹੁ ਪ੍ਰਭ ਗੁਣ ਤਾਸ ਜੀਓ ॥"

(ਰਾਮਕਲੀ ਮ: ੫)

ਜਿਹੜਾ ਸਰਦ ਰੁਤ ਦਾ ਆਉਣਾ ਬਣਿਆ ਹੈ ਅੱਸੂ ਕੱਤਕ ਵਿੱਚ ਪ੍ਰਭੂ ਦੀ ਹੀ ਪਿਆਸ ਹੈ। ਦਰਸ਼ਨ ਨੂੰ ਖੋਜਦੀ ਫਿਰਦੀ ਹਾਂ। ਗੁਣਾਂ ਦੇ ਸਮੁੰਦਰ ਪ੍ਰਭੂ ਨੂੰ ਕਦੋਂ ਮਿਲੀਏ? ਪਤੀ ਪਰਮੇਸ਼ਰ ਤੋਂ ਬਿਨਾਂ ਸਾਰੇ ਸੁੱਖ ਨਹੀਂ ਹਨ। ਹਾਰਾਂ, ਕੰਗਣਾਂ ਦਾ ਬਣਨਾ ਸਾਰਾ ਹੀ ਧਿਰਕਾਰ ਯੋਗ ਹੈ। ਜੀਵ ਇਸਤਰੀ ਅਕਲ ਕਰਕੇ ਸੁਜਾਨ ਹੈ, ਬਚਨਾਂ ਕਰਕੇ ਚਤਰ ਹੈ ਅਤੇ ਵਿਦਿਆ ਦੀ ਵੀ ਗਿਆਤ ਵਾਲੀ ਹੈ ਪਰ ਮਾਲਕ ਤੋਂ ਬਿਨਾਂ ਇਸ ਤਰ੍ਹਾਂ ਦੀ ਵਿਅਰਥ ਹੈ ਜਿਵੇਂ ਸੁਆਸਾਂ ਤੋਂ ਬਿਨਾਂ ਤਨ। ਏਧਰ ਉਧਰ ਦਸਾਂ ਦਿਸ਼ਾਂ ਵੱਲ ਵੇਖਦੀ ਹਾਂ। ਮਨ ਵਿਚ ਪ੍ਰਭੂ ਨੂੰ ਮਿਲਣ ਦੀ ਪਿਆਸਾ ਹੈ। ਤੇ ਗੁਣਾਂ ਦੇ ਸਮੁੰਦਰ ਪ੍ਰਭੂ ਜੀਓ! ਮੈਨੂੰ ਆਪਣੇ ਨਾਲ ਮੇਲ ਲਓ!

"ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ,
ਸਗਲ ਸਹੇਲੀ ਸੁਖ ਭਰਿ ਸੂਤੀ
ਜਿਹ ਘਰਿ ਲਾਲੁ ਬਸਾਈ ॥ ਰਹਾਉ ॥
ਮੋਹਿ ਅਵਗਨ ਪ੍ਰਭ ਸਦਾ ਦਇਆਲਾ
ਮੋਹਿ ਨਿਰਗੁਨਿ ਕਿਆ ਚਤੁਰਾਈ ॥
ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ,
ਇਹ ਹਉਮੈ ਕੀ ਢੀਠਾਈ ॥ ੧ ॥

(ਮਲਾਰ ਮ: ੫)

ਹੇ ਸੰਤੋ! ਮੈਨੂੰ ਪ੍ਰੀਤਮ ਮਿਲਾ ਦਿਉ। ਜਿਨ੍ਹਾਂ ਦੇ ਰਿਦੇ ਘਰ ਵਿਚ ਪਿਆਰਾ ਆ ਵਸਿਆ ਹੈ ਉਹ ਸਾਰੀਆਂ ਸਹੇਲੀਆਂ ਅਨੰਦ ਨਾਲ ਸੁੱਤੀਆਂ ਹਨ। ਮੈਂ ਅਉਗੁਣਾਂ ਨਾਲ ਭਰੀ ਹੋਈ ਉਤੇ ਪ੍ਰਭੂ ਸਦਾ ਕਿਰਪਾ ਕਰਦਾ ਹੈ। ਮੈਂ ਨਿਰਗੁਣ ਦੀ ਕੀ ਚਤੁਰਾਈ ਹੈ? ਜਿਹੜੀਆਂ ਸੁਹਾਗਣਾ ਪਤੀ ਪਰਮੇਸ਼ਵਰ ਦੇ ਨਾਲ ਰੱਤੀਆਂ ਹੋਈਆਂ ਹਨ ਜੇ ਮੈਂ ਉਹਨਾਂ ਦੀ ਬਰਾਬਰੀ ਕਰਾਂ ਤਾਂ ਇਹ ਹੰਕਾਰ ਦੀ ਢੀਠਤਾਈ ਹੈ।

"ਮੋਹਿ ਮਛੁਲੀ ਤੁਮ ਨੀਰ ਤੁਝ ਬਿਨ ਕਿਉ ਸਰੈ,
ਮੋਹਿ ਚਾਤ੍ਰਿਕ ਤੁਮ ਬੂੰਦ ਤ੍ਰਿਪਤਉ ਮੁਖ ਪਰੈ ॥
ਮੁਖਿ ਪਰੈ ਹਰੈ ਪਿਆਸ ਮੇਰੀ
ਜੀਅ ਹੀਅ ਪ੍ਰਾਨ ਪਤੇ ॥
ਲਾਡਿਲੇ ਲਾਡ ਲਡਾਇ ਸਭਮਹਿ
ਮਿਲ ਹਮਾਰੀ ਹੋਇ ਗਤੇ ॥"

(ਬਿਲਾਵਲ ਮ: ੫)

ਹੇ ਪ੍ਰਭੂ ਜੀ! ਮੈਂ ਮੱਛੀ ਹਾਂ, ਤੂੰ ਪਾਣੀ ਹੈਂ। ਤੇਰੇ ਬਿਨਾ ਕਿਉਂ ਜੀਵਾਂ? ਮੈਂ ਪਪੀਹਾ ਹਾਂ, ਤੇਰਾ ਨਾਮ ਸ਼ਾਂਤੀ ਬੂੰਦ ਹੈ ਜਦੋਂ ਮੂੰਹ ਵਿੱਚ ਪੈਂਦੀ ਹੈ ਤਾਂ ਮੈਨੂੰ ਤ੍ਰਿਪਤ ਆਉਂਦੀ ਹੈ। ਜਦੋਂ ਮੇਰੇ ਮੂੰਹ ਵਿਚ ਤੇਰੇ ਨਾਮ ਦੀ ਬੂੰਦ ਪੈਂਦੀ ਹੈ ਉਸ ਵੇਲੇ ਮੇਰੀ ਪਿਆਸ ਬੁਝ ਜਾਂਦੀ ਹੈ ਕਿਉਂ ਕਿ ਤੂੰ ਹੀ ਮੇਰਾ ਮਾਲਕ ਸਾਰਿਆਂ ਜੀਆਂ ਦੇ ਦਿਲਾਂ ਵਿਚ ਪ੍ਰਾਣਾਂ ਵਰਗਾ ਹੈਂ। ਤੇਰੇ ਜੇਹੜੇ ਲਾਡਲੇ ਭਗਤ ਹਨ ਉਹਨਾਂ ਨੂੰ ਤੂੰ ਸਾਰਿਆਂ ਜੀਆਂ ਵਿਚੋਂ ਲਾਡ ਲਡਾਉਂਦਾ ਹੈਂ, ਇਸ ਲਈ ਹੁਣ ਤੂੰ ਸਾਨੂੰ ਮਿਲ ਜਿਸ ਕਰਕੇ ਸਾਡੀ ਗਤੀ ਹੋਵੇ।

"ਮਿਲੁ ਮੇਰੇ ਪ੍ਰੀਤਮਾ ਜੀਓ,
ਤੁਧੁ ਖਰੀ ਨਿਮਾਣੀ ॥
ਮੈ ਨੈਣੀ ਨੀਦ ਨ ਆਵੈ ਜੀਉ,
ਭਾਵੈ ਅੰਨ ਨਾ ਪਾਣੀ ॥
ਪਾਣੀ ਅੰਨੁ ਨ ਭਾਵੈ, ਮਰੀਐ ਹਾਵੈ,
ਬਿਨੁ ਪਿਰ ਕਿਉਂ ਸੁਖੁ ਪਾਈਐ ॥
ਗੁਰ ਆਗੈ ਕਰਉ ਬਿਨੰਤੀ,
ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥"

(ਗਉੜੀ ਮ: ੩)



www.AKJ.Org

ਹੇ ਮੇਰੇ ਪ੍ਰੀਤਮਾ ਜੀਓ ! ਮੈਨੂੰ ਮਿਲੋ ਕਿਉਂਕਿ ਤੈਥੋਂ ਬਿਨਾ ਬੜੀ ਨਿਮਾਣੀ ਹੋਈ ਹਾਂ । ਮੈਨੂੰ ਅੱਖਾਂ ਵਿਚ ਨੀਂਦ ਨਹੀਂ ਪੈਂਦੀ ਅਤੇ ਖਾਣਾ ਪੀਣਾ ਭੀ ਨਹੀਂ ਭਾਉਂਦਾ । ਅੰਨ ਪਾਣੀ ਮੈਨੂੰ ਚੰਗਾ ਨਹੀਂ ਲਗਦਾ । ਤੇਰੇ ਵਿਛੋੜੇ ਦੇ ਹਉਕਿਆਂ ਵਿੱਚ ਮਰੀਦਾ ਹੈ । ਹੇ ਪਤੀ ! ਤੈਥੋਂ ਬਿਨਾਂ ਕਿਸ ਤਰ੍ਹਾਂ ਸੁੱਖ ਪਾਈਏ ? ਮੈਂ ਤੇਰੇ ਨਾਲ ਮਿਲਨ ਵਾਸਤੇ ਗੁਰਾਂ ਅੱਗੇ ਬੇਨਤੀ ਕਰਦੀ ਹਾਂ । ਹੇ ਗੁਰੂ ਜੀ ! ਜੇ ਤੁਹਾਨੂੰ ਮੇਰੀ ਬੇਨਤੀ ਚੰਗੀ ਲਗਦੀ ਹੈ ਤਾਂ ਜਿਸ ਤਰ੍ਹਾ ਮਿਲ ਸਕਦਾ ਹੈ ਉਸੇ ਹੀ ਤਰ੍ਹਾਂ ਉਸ ਪਤੀ ਨੂੰ ਮਿਲਾ ਦਿਓ ।

"ਮੇਲਿ ਲੈਹੁ ਦਇਆਲ,
ਢਹਿ ਪਏ ਦੁਆਰਿਆ ॥
ਰਖਿ ਲੇਵਹੁ ਦੀਨ ਦਇਆਲ,
ਭ੍ਰਮਤ ਬਹੁ ਹਾਰਿਆ ॥
ਭਗਿਤ ਵਛਲੁ ਤੇਰਾ ਬਿਰਦੁ,
ਹਰਿ ਪਤਿਤ ਉਧਾਰਿਆ ॥
ਤੁਝ ਬਿਨੁ ਨਾਹੀ ਕੋਇ,
ਬਿਨਉ ਮੋਹਿ ਸਾਰਿਆ ॥
ਕਰੁ ਗਹਿ ਲੇਹੁ ਦਇਆਲ,
ਸਾਗਰ ਸੰਸਾਰਿਆਂ ।"

(ਪਉੜੀ, ਜੈਤਸਰੀ ਵਾਰ ਮ: ੫)

ਹੇ ਪ੍ਰਭ ਜੀ, ਆਪਣੇ ਨਾਲ ਮਿਲਾ ਲੈ । ਤੇਰੇ ਦਰ ਤੇ ਢਹਿ ਪਏ ਹਾਂ । ਹੇ ਦੀਨ ਦਿਆਲ ! ਹੁਣ ਰੱਖ ਲਵੋ, ਮੈਂ ਜੂਨਾਂ ਵਿਚ ਭਉਂਦਾ ਬੜਾ ਥਕ ਗਿਆ ਹਾਂ । ਹੇ ਭਗਤਾਂ ਦੇ ਪਿਆਰੇ ਪ੍ਰਭੂ! ਪਾਪੀਆਂ ਦਾ ਉਧਾਰ ਕਰਨਾ ਤੇਰਾ ਧਰਮ ਹੈ । ਤੈਥੋਂ ਬਿਨਾਂ ਮੇਰਾ ਹੋਰ ਕੋਈ ਨਹੀਂ । ਇਸੇ ਲਈ ਬੇਨਤੀ ਕਰਕੇ ਤੇਰਾ ਪੱਲਾ ਫੜਿਆ ਹੈ । ਹੇ ਦਿਅਲੂ ਜੀਓ ! ਸੰਸਾਰ ਸਮੁੰਦਰ ਤੋਂ ਹਥ ਫੜਕੇ ਰੱਖ ਲਓ ।

"ਹਮ ਭੀਖਕ ਭੇਖਾਰੀ ਤੇਰੇ,
ਤੂੰ ਨਿਜਪਤਿ ਹੈ ਦਾਤਾ ॥
ਹੋਹੁ ਦੈਆਲ ਨਾਮ ਦੇਹੁ ਮੰਗਤ ਜਨ ਕੰਉ,
ਸਦਾ ਰਹਉ ਰੰਗਿ ਰਾਤਾ ॥ ੧ ॥
ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ।
ਕਰਣ ਕਾਰਣ ਸਭਨਾ ਏਕੋ,
ਅਵਰੁ ਨ ਦੂਜਾ ਕੋਈ ॥ ੧ ॥ ਰਹਾਉ ॥
ਬਹੁਤੇ ਫੇਰ ਪਏ ਕਿਰਪਨ ਕਉ
ਅਬ ਕਿਛੁ ਕਿਰਪਾ ਕੀਜੈ ॥
ਹੋਹੁ ਦਇਆਲ ਦਰਸਨੁ ਦੇਹੁ
ਆਪੁਨਾ ਐਸੀ ਬਖਸ ਕਰੀਜੈ ॥ ੨ ॥

(ਧਨਾਸਰੀ ਮ: ੩)

ਅਸੀਂ ਤੇਰੇ ਮੰਗਤਿਆਂ ਦੇ ਮੰਗਤੇ ਹਾਂ ਤੂੰ ਆਪ ਸਾਡਾ ਮਾਲਕ ਹੈਂ । ਹੇ ਪ੍ਰਭੂ ! ਦਿਆਲੂ ਹੋ ਅਤੇ ਆਪਣੇ ਮੰਗਤੇ ਦਾਸ ਨੂੰ ਆਪਣਾ ਨਾਮ ਦਿਓ ਜਿਸ ਦਾਨ ਨੂੰ ਪਾ ਕੇ ਮੈਂ ਸਦਾ ਤੇਰੇ ਪਰੇਮ ਵਿੱਚ ਰੱਤਾ ਰਹਾਂ । ਹੇ ਸੱਚਿਆ ! ਮੈਂ ਤੇਰੇ ਨਾਮ ਉੱਤੋਂ ਬਲਿਹਾਰ ਜਾਂਦਾ ਹਾਂ । ਤੂੰ ਸਾਰਿਆਂ ਕੰਮਾਂ ਦੇ ਕਰਨ ਵਾਲਾ ਇਕੋ ਇਕ ਹੈਂ । ਮੈਨੂੰ ਗਰੀਬ ਨੂੰ ਬਹੁਤ ਹੀ ਚੁਰਾਸੀ ਦੇ ਫੇਰੇ ਪਏ ਹਨ । ਹੁਣ ਤੂੰ ਕੁਝ ਆਪਣੀ ਕਿਰਪਾ ਕਰ ਅਤੇ ਦਿਆਲ ਹੋਕੇ ਆਪਣੇ ਦਰਸ਼ਨਾਂ ਦੀ ਬਖਸਸ਼ ਕਰ ।

"ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ।
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ ੧ ॥
ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨ ਤੇਰਾ ॥ ੧ ।ਰਹਾਉ ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ।



www.AKJ.Org

ਚਰਣ ਨ ਛਾਡਉ ਸਰੀਰ ਕਲਜਾਈ ॥ ੨ ॥
ਕਹੁ ਰਵਿਦਾਸ ਪਰਉ ਤੇਰੀ ਸਾਭਾ ।
ਬੇਗਿ ਮਿਲਹੁ ਜਨ ਕਰਿ ਨਾ ਬਿਲਾਬਾ ॥ ੩ ॥

ਹੇ ਪ੍ਰਭੂ ! ਮੇਰੀ ਸੰਗਤ ਨੀਚਾਂ ਨਾਲ ਹੈ, ਇਹ ਮੈਨੂੰ ਦਿਨੇ ਰਾਤ ਬੜੀ ਸੋਚ ਲੱਗੀ ਰਹਿੰਦੀ ਹੈ। ਮੇਰਾ ਕੰਮ ਵੀ ਟੇਢਾ ਅਤੇ ਜਨਮ ਭੀ ਖੋਟੀ ਤਰ੍ਹਾਂ ਦਾ ਹੈ ਹੇ ਪ੍ਰਭੂ ਗੁਸਾਈਂ ਜੀਵਾਂ ਦੇ ਜੀਵਾਉਣ ਵਾਲੇ ! ਮੈਨੂੰ ਨਾ ਭੁਲਾ ਮੈਂ ਤੇਰਾ ਦਾਸ ਹਾਂ। ਮੇਰੀ ਬਿਪਤਾ ਦੂਰ ਕਰੋ ਅਤੇ ਦਾਸ ਨੂੰ ਸ਼ੋਭਨੀਕ ਕਰੋ। ਮੈਂ ਆਪ ਦੇ ਚਰਨ ਨਹੀਂ ਛੱਡਣੇ ਭਾਵੇਂ ਮੇਰਾ ਸਰੀਰ ਕੱਲ੍ਹ ਨੂੰ ਜਾਂਦਾ ਅੱਜ ਹੀ ਚਲਿਆ ਜਾਵੇ। ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਤੇਰੀ ਸ਼ਰਨ ਪਿਆ ਹਾਂ। ਦਾਸ ਨੂੰ ਛੇਤੀ ਮਿਲੋ। ਦੇਰੀ ਨਾ ਕਰੋ।

"ਸਾਸਿ ਸਾਸਿ ਹਮ ਭੂਲਨਹਾਰੇ ।
ਤੁਮ ਸਮਰਥ ਅਗਨਤ ਅਪਾਰੇ ।
ਸਰਨਿ ਪਰੇ ਕੀ ਰਾਖੁ ਦਇਆਲਾ ।
ਨਾਨਕ ਤੁਮਰੇ ਬਾਲ ਗੁਪਾਲਾ ।

(ਗਉੜੀ ਬਾਵਨ ਅਖਰੀ ਮ: ੫)

ਹੇ ਪ੍ਰਭੂ ਜੀ ! ਅਸੀਂ ਛਿਨ ਛਿਨ ਭੁਲਣਹਾਰ ਹਾਂ। ਤੁਸੀਂ ਅਣਗਿਣਤ ਅਪਾਰ ਸਮਰਥ, ਬਖਸ਼ਣ ਯੋਗ ਹੋ, ਹੇ ਦਿਆਲੂ ਜੀਓ ! ਸ਼ਰਨ ਪਏ ਦੀ ਲਜਿਆ ਰੱਖੋ ਅਸੀਂ ਆਪਦੇ ਨਿੱਕੇ ਜਿਹੇ ਬਾਲਕ ਹਾਂ ।

"ਪ੍ਰਭ ਕੀਜੈ ਕ੍ਰਿਪਾ ਨਿਧਾਨ,
ਹਮ ਹਰਿ ਗੁਣ ਗਾਵਹਗੇ ॥
ਹਉ ਤੁਮਰੀ ਕਰਉ ਨਿਤ ਆਸ,
ਪ੍ਰਭ ਮੋਹਿ ਕਬ ਗਲ ਲਾਵਹਿਗੇ ॥ ੧ ॥
ਰਹਾਉ ॥
ਹਮ ਬਾਰਿਕ ਮੁਗਧ ਇਆਨ,
ਪਿਤਾ ਸਮਝਾਵਹਿਗੇ ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ,
ਜਗਤ ਪਿਤ ਭਾਵਹਿਗੇ ॥ ੧ ॥
ਜੋ ਹਰਿ ਸੁਆਮੀ ਤੁਮ ਦੇਹੁ,
ਸੋਈ ਹਮ ਪਾਵਹਿਗੇ ॥
ਮੋਹਿ ਦੂਜੀ ਨਾਹੀ ਠਉਰ,
ਜਿਸੁ ਪਹਿ ਹਮ ਜਾਵਹਿਗੇ ॥ ੨ ॥
ਜੋ ਹਰਿ ਭਾਵਹਿ ਭਗਿਤ,
ਤਿਨਾ ਹਰਿ ਭਾਵਹਿਗੇ ॥
ਜੋਤੀ ਜੋਤਿ ਮਿਲਾਇ,
ਜੋਤਿ ਰਲਿ ਜਾਵਹਿਗੇ ॥ ੩ ॥
ਹਰਿ ਆਪੇ ਹੋਇ ਕ੍ਰਿਪਾਲੁ,
ਆਪਿ ਲਿਵ ਲਾਵਹਿਗੇ ॥
ਜਨੁ ਨਾਨਕੁ ਸਰਨਿ ਦੁਆਰਿ,
ਹਰਿ ਲਾਜ ਰਖਾਵਹਿਗੇ ॥੪ ॥"

(ਕਲਿਆਨ ਮ: ੪)

ਹੇ ਕਿਰਪਾ ਦੇ ਪੁੰਜ ਪ੍ਰਭੂ ਜੀਓ ! ਸਾਡੇ ਉਤੇ ਕਿਰਪਾ ਕਰੋ, ਅਸੀਂ ਤੇਰੇ ਗੁਣ ਗਾਵਾਂਗੇ। ਮੈਂ ਨਿੱਤ ਤੁਹਾਡੀ ਆਸ ਕਰਦਾ ਹਾਂ। ਮੈਨੂੰ ਪਤੀ ਪ੍ਰਮਾਤਮਾਂ ਕਦੋਂ ਗਲ ਨਾਲ ਲਾਉਣਗੇ। ਅਸੀਂ ਬਹੁਤੇ ਹੀ ਇਆਣੇ ਬਾਲਕ ਹਾਂ। ਮੈਨੂੰ ਯਕੀਨ ਹੈ ਕਿ ਮੈਨੂੰ ਮੇਰੇ ਪਿਤਾ ਸਮਝਾ ਲੈਣਗੇ ।ਪੁੱਤਰ ਛਿਨ ਛਿਨ ਵਿਚ ਭੁੱਲ ਕੇ ਨੁਕਸਾਨ ਵੀ ਕਰ ਦੇਣ ਵਾਲਾ ਹੋਵੇ ਤਾਂ ਵੀ ਜਗਤ ਵਿਚ ਪੁੱਤਰ ਪਿਤਾ ਨੂੰ ਚੰਗੇ ਲਗਦੇ ਹਨ। ਹੇ ਸੁਆਮੀ ਜੀ ! ਜੋ ਕੁਝ ਤੁਸੀਂ ਮੈਨੂੰ ਦਿਉਗੇ ਉਹੀਓ ਹੀ ਅਸੀਂ ਪਾ ਲਵਾਂਗੇ ਮੈਨੂੰ ਕੋਈ ਹੋਰ ਦੂਸਰੀ ਥਾਂ ਨਹੀਂ ਹੈ ਜਿਸ ਦੇ ਪਾਸ ਅਸੀਂ ਜਾਵਾਂਗੇ। ਹੇ ਪ੍ਰਭੂ ! ਜੇਹੜੇ ਭਗਤ ਤੈਨੂੰ



www.AKJ.Org

ਭਾਉਂਦੇ ਹਨ ਤੂੰ ਉਹਨਾਂ ਨੂੰ ਭਾਇ ਜਾਵੇਂਗਾ । ਹੇ ਜੋਤੀ-ਸਰੂਪ ! ਤੇਰੇ ਨਾਲ ਜੋਤ ਨੂੰ ਮਿਲਾ ਕੇ ਅਸੀਂ ਤੇਰੇ ਨਾਲ ਮਿਲ ਜਾਵਾਂਗੇ, ਹੇ ਪ੍ਰਭੂ ! ਤੁਸੀਂ ਆਪੇ ਹੀ ਕਿਰਪਾਲ ਹੋਕੇ ਆਪੇ ਹੀ ਸਾਡੀ ਬਿਰਤੀ ਆਪਣੇ ਵਿੱਚ ਲਾ ਲਵੋਗੇ । ਹੇ ਵਾਹਿਗੁਰੂ ! ਮੈਂ ਦਾਸ ਆਪ ਦੇ ਦਰ ਉਤੇ ਖੜੋਤਾ ਆਪ ਦੀ ਸ਼ਰਣ ਆਇਆ ਹਾਂ ਆਪ ਮੇਰੀ ਲੱਜਿਆਂ ਰਖੋ ।

"ਹਉ ਤੁਮਰੀ ਕਰਉ ਨਿਤ ਆਸ,
ਪ੍ਰਭ ਮੋਹਿ ਕਬ ਗਲ ਲਾਵਹਿਗੇ ......?
ਪ੍ਰਭ ਮੋਹਿ ਕਬ ਗਲ ਲਾਵਹਿਗੇ ...... ?
ਪ੍ਰਭ ਮੋਹਿ ਕਬ ਗਲ ਲਾਵਹਿਗੇ ...... ?"
"ਆਸਾਵੰਤੀ ਆਸ ਗੁਸਾਈ ਪੂਰੀਐ ।
ਮਿਲਿ ਗੋਪਾਲ ਗੋਬਿੰਦ, ਨ ਕਬਹੂ ਝੂਰੀਐ ।
ਦੇਹੁ ਦਰਸੁ ਮਨਿ ਚਾਉ, ਲਹਿ ਜਾਹਿ ਵਿਸੂਰੀਐ ।
ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ ।
ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ।"
(ਪਉੜੀ, ਜੈਤਸਰੀ ਕੀ ਵਾਰ)

ਆਸਾਵੰਤੀ ਆਸ ਗੁਸਾਈ ਪੂਰੀਐ ........ ਆਸ ਗੁਸਾਈ ਪੂਰੀਐ ...... ਆਸ ਗੁਸਾਈ ਪੂਰੀਐ ...... । ਦੇਹੁ ਦਰਸੁ ਮਨਿ ਚਾਉ, ਲਿਹ ਜਾਹਿ ਵਿਸੂਰੀਐ......ਦੇਹੁ ਦਰਸੁ ਮਨ ਚਾਉ ਲਹਿ ਜਾਹਿ ਵਿਸੂਰੀਐ ...... ਲਹਿ ਜਾਹਿ ਵਿਸੂਰੀਐ ...... ਲਹਿ ਜਾਹਿ ਵਿਸੂਰੀਐ ...... । (ਮੇਰੇ ਮਨ ਵਿੱਚ ਚਾਉ ਹੈ । ਮੈਨੂੰ ਦਰਸ਼ਨ ਦਿਉ ਫਿਰ ਆਪੇ ਮੇਰੇ ਝੋਰੇ ਲਹਿ ਜਾਣਗੇ ।)

————


## ਸਰਬ ਲੋਹ ਦੇ ਭਾਂਡੇ

ਆਪ ਨੂੰ ਸਰਬ ਲੋਹ ਦੇ ਭਾਂਡਿਆਂ ਦੀ ਲੋੜ ਹੋਵੇ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ । ਅਸੀਂ ਹਰ ਕਿਸਮ ਦੇ ਸਰਬ ਲੋਹ ਦੇ ਭਾਂਡੇ ਤਿਆਰ ਕਰਦੇ ਹਾਂ ।

ਮਿਸਤਰੀ ਉਜਾਗਰ ਸਿੰਘ,
ਮਹੱਲਾ ਲੁਹਾਰਾਂ,
ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ,
ਜ਼ਿਲਾ ਰੋਪੜ ।




www.AKJ.Org

# ਸ੍ਰੀ ਦਸਮੇਸ਼ ਜੀ ਦੀ ਦ੍ਰਿਸ਼ਟੀ

–ਗੁਰਚਰਨ ਸਿੰਘ ਐਮ. ਏ. (ਪੰਜਾਬੀ ਤੇ ਧਰਮ)

ਅੱਜਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ੩੦੫ਵਾਂ ਪ੍ਰਕਾਸ਼ ਉਤਸਵ ਮਨਾ ਰਹੇ ਹਾਂ। ਭਾਵੇਂ ਗੁਰਦੇਵ ਜੀ ਨੇ ਸੰਸਾਰਕ ਉਮਰ ਦੇ ਕੇਵਲ ਅਕਤਾਲੀ ਸਾਲਾਂ ਵਿਚ ਬੜੇ ਅਲੌਕਿਕ ਤੇ ਉਸਾਰੂ ਕਾਰਨਾਮੇ ਕਰ ਵਿਖਾਏ ਪਰ ਇਸ ਲੇਖ ਵਿਚ ਕੇਵਲ ਇਹ ਵਿਚਾਰਨ ਦਾ ਯਤਨ ਕੀਤਾ ਜਾਵੇਗਾ ਕਿ ਦਸਮੇਸ਼ ਜੀ ਦੀ ਦ੍ਰਿਸ਼ਟੀ ਕਿੰਨੀ ਵਿਸ਼ਾਲ ਤੇ ਨਰੋਈ ਸੀ। ਸਰਬ ਮਨੁਖਤਾ ਨੂੰ ਕਿਵੇਂ ਉਹ ਲੜੀ ਵਿਚ ਪਰੋਤੀ ਹੋਈ ਵੇਖਦੇ ਸਨ।

ਸਭ ਤੋਂ ਪਹਿਲਾਂ ਗੁਰੂ ਦੇਵ ਜੀ ਦੇ ਜੀਵਨ ਦੀ ਪ੍ਰਕਾਸ਼ ਸਮੇਂ ਦੀ ਘਟਨਾ ਹੀ ਉਹਨਾਂ ਦੀ ਦ੍ਰਿਸ਼ਟੀ ਨੂੰ ਰੂਪਮਾਨ ਕਰਦੀ ਹੈ ਜਦੋਂ ਇਕ ਪ੍ਰਸਿਧ ਮੁਸਲਮਾਨ ਫਕੀਰ ਸਯਦ ਸ਼ਾਹ ਆਪ ਜੀ ਦੇ ਦਰਸ਼ਨਾਂ ਨੂੰ ਪਟਨੇ ਗਿਆ। ਜਦ ਆਪ ਦਾ ਪ੍ਰਕਾਸ਼ ਹੋਇਆ ਤਾਂ ਫਕੀਰ ਨੇ ਉਸੇ ਰਾਤ ਕੋਹਰਾਮ ਨਗਰ ਵਿਚ ਅਕਾਸ਼ ਉਪਰ ਇਕ ਹੈਰਾਨ ਕਰਣ ਵਾਲੀ ਰੋਸ਼ਨੀ ਦੇਖੀ। ਉਹ ਉਸੇ ਰੋਸ਼ਨੀ ਦੀ ਸੇਧ ਵਿਚ ਪਟਨੇ ਪੁਜਾ। ਉਸ ਦੇ ਨਾਲ ਕੁਝ ਮੁਰੀਦ ਵੀ ਸਨ। ਪਟਨੇ ਪੁਜ ਕੇ ਗੁਰੂ ਜੀ ਦੇ ਦਰਸ਼ਨ ਕਰਣ ਤੋਂ ਪਹਿਲਾਂ ਉਸ ਨੇ ੨ ਕੁੱਜੇ ਨਾਲ ਲਏ। ਜਿਨ੍ਹਾਂ ਵਿਚੋਂ ਇਕ ਵਿਚ ਦੁਧ ਸੀ ਅਤੇ ਦੂਜੇ ਵਿਚ ਪਾਣੀ। ਉਸ ਨੇ ਮਨ ਵਿਚ ਇਹ ਨਿਸਚਾ ਕੀਤਾ ਸੀ ਕਿ ਜੇ ਬਾਲਕ ਪੈਗੰਬਰ ਨੇ ਦੁਧ ਵਾਲੇ ਕੁੱਜੇ ਉਤੇ ਹਥ ਰਖਿਆ ਤਾਂ ਮੈਂ ਸਮਝਾਂਗਾ ਕਿ ਉਹ ਮੁਸਲਮਾਨਾਂ ਦਾ ਪੱਖੀ ਹੋਵੇਗਾ। ਪਰ ਉਸ ਨੇ ਪਾਣੀ ਵਾਲੇ ਕੁੱਜੇ ਤੇ ਹਥ ਧਰਿਆ ਤਾਂ ਉਹ ਹਿੰਦੂਆਂ ਦਾ ਸਹਾਇਕ ਹੋਵੇਗਾ। ਪਰ ਜਦ ਫ਼ਕੀਰ ਨੇ ਦੋਵੇਂ ਢਕੇ ਹੋਏ ਕੁੱਜੇ ਬਾਲ ਗੋਬਿੰਦ ਦੇ ਅਗੇ ਰਖੇ ਤਾਂ ਗੁਰੂ ਜੀ ਨੇ ਦੋਹਾਂ ਉਪਰ ਹਥ ਰਖ ਦਿਤਾ। ਉਹ ਫਕੀਰ 'ਸੁਭਾਨ ਅੱਲਾ' 'ਸੁਭਾਨ ਅੱਲਾ' ਕਰਦਾ ਹੋਇਆ ਗੁਰੂ ਜੀ ਨੂੰ ਨਮਸਕਾਰ ਕਰਨ ਲਗਾ। ਉਸ ਨੇ ਕਿਹਾ ਹੁਣ ਦੇਸ਼ ਨੂੰ ਤੇਰੀ ਹੀ ਲੋੜ ਹੈ ਜੋ ਹਿੰਦੂ ਤੇ ਮੁਸਲਮਾਨ ਦੋਹਾਂ ਦਾ ਪੈਗੰਬਰ ਤੇ ਆਗੂ ਹੋਵੇ।

ਇਹ ਘਟਨਾ ਭਾਵੇਂ ਇਤਹਾਸਿਕ ਹੈ ਪਰ ਇਹ ਸਪਸ਼ਟ ਕਰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿਸ਼ਟੀ ਹਿੰਦੂਆਂ ਤੇ ਮੁਸਲਮਾਨਾਂ ਪ੍ਰਤੀ ਸਮਾਨ ਸੀ। ਉਹਨਾਂ ਦੇ ਦਿਲ ਵਿਚ ਸਭ ਲਈ ਪਿਆਰ ਸੀ।

ਗੁਰੂ ਸਾਹਿਬ ਤੋਂ ਪਹਿਲਾਂ ਤੇ ਹੁਣ ਵੀ ਇਹ ਵਿਚਾਰ ਹਿੰਦੂਆਂ ਮੁਸਲਮਾਨਾਂ ਵਿਚ ਪ੍ਰਚਲਤ ਹੈ ਕਿ ਖ਼ਾਸ ਭਾਸ਼ਾ ਵਿਚ ਹੀ ਰਬੀ ਕਲਾਮ ਜਾਂ ਰਬੀ ਬਾਣੀ ਉਤਰ ਸਕਦੀ ਹੈ। ਸਨਾਤਨੀ ਮੁਸਲਮਾਨਾਂ ਅਨੁਸਾਰ ਅਰਬੀ ਭਾਸ਼ਾ ਵਿਚ ਹੀ ਇਲਾਹੀ ਕਲਾਮ ਹੋ ਸਕਦਾ ਹੈ ਅਤੇ ਪੁਰਾਤਨ ਹਿੰਦੂਆਂ ਅਨੁਸਾਰ ਸੰਸਕ੍ਰਿਤ ਹੀ ਦੇਸ਼ ਭਾਸ਼ਾ ਹੋ ਸਕਦੀ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿਸ਼ਟੀ ਭਾਸ਼ਾ ਦੇ ਪੱਖ ਤੋਂ ਬੜੀ ਵਿਸ਼ਾਲ ਸੀ। ਆਪ ਨੇ ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਸਭ ਬੋਲੀਆਂ ਦ ਸਤਿਕਾਰ ਕੀਤਾ ਅਤੇ ਆਪਣੀ ਬਾਣੀ ਪੰਜਾਬੀ, ਸੰਸਕ੍ਰਿਤ ਬ੍ਰਿਜੀ, ਅਰਬੀ ਆਦਿ ਸਭ ਬੋਲੀਆਂ ਵਿਚ ਰਚੀ ਜਿਥੇ ਠੇਠ ਪੰਜਾਬੀ ਵਿਚ ਆਪ ਦਾ-ਸ਼ਬਦ ਹੈ :—



www.AKJ.Org

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ ॥
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਵਾਸਾਂ ਦੇ ਰਹਿਣਾ ॥
ਸੂਲ ਸੁਰਾਹੀ ਖੰਜਰ ਪਿਆਲਾ,
ਬਿੰਗ ਕਸਾਈਆ ਦਾ ਸਹਿਣਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ,
ਭਠ ਖੇੜਿਆਂ ਦਾ ਰਹਿਣਾ ॥

(ਖਿਆਲ ਪਾ: ੧੦)

ਉਥੇ ਨਾਲ ਹੀ ਸੰਸਕ੍ਰਿਤ ਅਰਬੀ ਦਾ ਮੇਲ ਆਪ ਦਾ ਜਾਪ ਸਾਹਿਬ ਹੈ, ਕਿ

ਕਾਰਨ ਕੁਨਿੰਕ ਹੈਂ, ਕਿ ਰੋਜ਼ੀ ਦਹਿੰਦ ਹੈਂ।
ਸਮਸਤੁਲ ਸਲਾਮ ਹੈਂ ॥ ਸਦੇਵਲ ਅਕਾਮ ਹੈਂ ॥

ਜਿਥੇ ਉਹਨਾਂ ਦਾ ਪ੍ਰਭੂ ਕਿਰਪਾਲੂ, ਦਿਆਲੂ ਹੈ, ਰਹੀਮ ਕਰੀਮ ਹੈ, ਉਥੇ ਨਾਲ ਹੀ ਮਜ਼ਹਬ ਤੋਂ ਰਹਿਤ ਹੈ। ਭਾਵ ਸਭ ਮਜ਼ਹਬ ਉਸ ਦੇ ਹਨ। ਏਸੇ ਲਈ ਉਹਨਾਂ ਦੇ ਸਚਿਆਰ ਸਿਖ ਭਾਈ ਘਨਈਆ ਜੀ ਮਜ਼ਹਬੀ ਦ੍ਰਿਸ਼ਟੀ ਤੋਂ ਉਚੇ ਹੋ ਕੇ ਪਾਣੀ ਪਿਲਾ ਰਹੇ ਸਨ। ਜਦ ਸਿੰਘਾਂ ਦੇ ਸ਼ਕਾਇਤ ਕਰਨ ਉਤੇ ਕਿ ਭਾਈ ਘਨਈਆ ਦੁਸ਼ਮਣਾਂ ਨੂੰ ਵੀ ਪਾਣੀ ਪਿਲਾ ਰਿਹਾ ਹੈ ਗੁਰੂ ਜੀ ਨੇ ਪੁਛ ਪੜਤਾਲ ਕੀਤੀ ਤਾਂ ਭਾਈ ਘਨਈਆ ਨੇ ਹਥ ਜੋੜ ਕੇ ਬੇਨਤੀ ਕੀਤੀ ਕਿ ਉਸ ਨੇ ਤਾਂ ਕਦੇ ਤੁਰਕ ਜਾਂ ਹਿੰਦੂ ਜਾਂ ਸਿੱਖ ਨੂੰ ਪਾਣੀ ਪਿਲਾਇਆ ਹੀ ਨਹੀਂ। ਉਹ ਤਾਂ ਹਰ ਥਾਂ ਆਪ ਜੀ ਦੇ ਸਰੂਪ ਨੂੰ ਹੀ ਤਕਦਾ ਹੈ।

ਸੂਰਜ ਪਰਕਾਸ਼ ਵਿਚ ਲਿਖਿਆ ਹੈ:—

ਮੋ ਕੋ ਤੋ ਇਮ ਹੀ ਦ੍ਰਿਸਟਾਵੈ ॥
ਤੁਮ ਬਿਨ ਦੂਸਰ ਨਦਰ ਨਾ ਆਵੈ ॥

ਭਾਈ ਘਨਈਆ ਦੀ ਅਜਿਹੀ ਦ੍ਰਿਸ਼ਟੀ ਤੋਂ ਖੁਸ਼ ਹੋ ਕੇ ਗੁਰਦੇਵ ਜੀ ਨੇ ਮਲਮ-ਪੱਟੀ ਦੇਂਦਿਆਂ ਕਿਹਾ ਕਿ ਇਵੇਂ ਹੀ ਬਿਨਾਂ ਵਿਤਕਰੇ ਸਭ ਦੇ ਫੱਟਾਂ ਉਤੇ ਇਹ ਵੀ ਲਗਾ ਦਿਤਾ ਕਰੋ।

ਇਕ ਹੋਰ ਵਿਚਾਰ ਜੋ ਉਹਨਾਂ ਦੀ ਦ੍ਰਿਸ਼ਟੀ ਨੂੰ ਦਰਸਾਉਂਦੀ ਹੈ ਉਹ ਇਹ ਹੈ ਕਿ ਉਹਨਾਂ ਨੂੰ ਨੀਲਾ ਰੰਗ ਵਧੇਰੇ ਪਿਆਰਾ ਲਗਦਾ ਸੀ। ਨੀਲਾ ਰੰਗ ਅਕਾਸ਼ ਦਾ ਰੰਗ ਹੈ ਤੇ ਜੋ ਵਿਸ਼ਾਲ ਤੇ ਅਨੰਤ ਪਰੇਮ ਦਾ ਸੂਚਕ ਹੈ ਨੀਲੇ ਰੰਗ ਵਿਚ ਹੋਰ ਕੋਈ ਰੰਗ ਆਪਣਾ ਅਸਰ ਛੇਤੀ ਨਹੀਂ ਕਰ ਸਕਦਾ। ਇਹ ਰੰਗ ਵੀ ਉਹਨਾਂ ਦੇ ਨਿਰਲੇਪ ਤੇ ਵਿਸ਼ਾਲ ਹਿਰਦੇ ਦਾ ਪ੍ਰਤੀਕ ਹੈ।

ਇਵੇਂ ਹੀ ਸਫੈਦ ਬਾਜ ਇਕ ਗੰਭੀਰ ਪੰਛੀ ਹੈ ਜੋ ਸ਼ੋਰ ਨਹੀਂ ਪਾਉਂਦਾ ਤੇ ਉਚੇ ਗਗਨਾਂ ਵਿਚ ਉਡਾਰੀਆਂ ਲਾਉਂਦਾ ਹੈ। ਇਹ ਬਾਜ ਰਖਣਾ ਵੀ ਗੁਰੂ ਸਾਹਿਬ ਦੀ ਦੂਰ-ਦਰਸ਼ਕ ਵਿਸ਼ਾਲ ਦ੍ਰਿਸ਼ਟੀ ਦਾ ਸੂਚਕ ਹੈ।

ਜਦ ਪੰਡਿਤ ਰਘੂ ਨਾਥ ਨੇ ਸੂਦਰ ਜਾਤਾਂ ਵਿਚੋਂ ਆਏ ਹੋਏ ਸਿਖਾਂ ਨੂੰ ਪੜ੍ਹਾਉਣ ਤੋਂ ਨਾਂਹ ਕਰ ਦਿਤੀ ਤਾਂ ਆਪ ਜੀ ਨੇ ਆਪਣੇ ਸਿੱਖਾਂ ਨੂੰ ਕਾਸ਼ੀ ਭੇਜ ਕੇ ਵਿਦਵਤਾ ਵਿਚ ਨਿਪੁੰਨ ਕਰਵਾਇਆ। ਗੁਰੂ ਸਾਹਿਬ ਦਾ ਵਿਚਾਰ ਸੀ ਕਿ ਗਿਆਨ ਜਾਂ ਵਦਿਆ ਨੂੰ ਕੇਵਲ ਉੱਚ ਜਾਤੀਆਂ ਤਕ ਸੀਮਤ ਨਹੀਂ ਰਿਖਿਆ ਜਾ ਸਕਦਾ। ਉਹਨਾਂ ਨੇ ਸ਼ਾਸਤਰ ਗਿਆਨ ਸਭਨਾਂ ਲਈ ਜਰੂਰੀ ਦਸਿਆ।

ਜਦ ਗੁਰੂ ਸਾਹਿਬ ਜੀ ਦੀ ਅਸ਼ੀਰਵਾਦ ਤੇ ਸਹਾਇਤਾ ਨਾਲ ਬਹਾਦਰ ਸ਼ਾਹ ਦਿਲੀ ਦੇ ਤਖ਼ਤ ਦਾ ਮਾਲਕ ਬਣ ਗਿਆ, ਤਾਂ ਬਹਾਦਰ ਸ਼ਾਹ ਦੇ ਸੱਦੇ ਉਪਰ ਗੁਰੂ ਜੀ ਆਗਰੇ ਗਏ। ਕਾਫ਼ੀ ਸਮਾਂ ਦੋਹਾਂ ਵਿਚ ਮੁਲਾਕਾਤਾਂ ਤੇ ਵਿਚਾਰ ਵਟਾਂਦਰਾ ਹੁੰਦਾ ਰਿਹਾ। ਗਲਾਂ ਬਾਤਾ ਹੁੰਦਿਆਂ ਇਕ ਦਿਨ ਮੁਫ਼ਤੀ ਕਾਜ਼ੀ ਨੇ ਪ੍ਰਸ਼ਨ ਕੀਤਾ—'ਪੀਰ ਮਜਹਬ ਤੁਮਾਰਾ ਖ਼ੂਬ ਕਿ ਹਮਾਰਾ ਖ਼ੂਬ'। ਸਮਦ੍ਰਿਸ਼ਟੀ ਵਾਲੇ ਸਚੇ ਪਾਤਸ਼ਾਹ



www.AKJ.Org

ਨੇ ਫੁਰਮਾਇਆ—'ਤੁਮ ਕੋ ਤੁਮਾਰਾ ਖੂਬ, ਹਮਕੋ ਹਮਾਰਾ ਖੂਬ ॥'

ਇਵੇਂ ਹੀ ਇਕ ਮੁਲਾਕਾਤ ਵਿਚ ਬਹਾਦਰ ਸ਼ਾਹ ਨੇ ਇਹ ਵਿਚਾਰ ਪ੍ਰਗਟ ਕੀਤੀ ਕਿ ਜੋ ਵੀ ਹਜ਼ਰਤ ਮੁਹੰਮਦ ਸਾਹਿਬ ਉਤੇ ਈਮਾਨ ਲਿਆਉਣਗੇ। ਭਾਵੇਂ ਉਹਨਾਂ ਜਿੰਦਗੀ ਕਿਸੇ ਤਰ੍ਹਾਂ ਗੁਜ਼ਾਰੀ ਹੋਵੇ, ਬਚ ਜਾਣਗੇ ਤੇ ਅਲਾਹ ਦੇ ਦਰਬਾਰ ਵਿਚ ਪਰਵਾਨੇ ਜਾਣਗੇ। ਗੁਰੂ ਜੀ ਨੇ ਦੂਜੇ ਦਿਨ ਇਕ ਸਰਕਾਰੀ ਆਦਮੀ ਨੂੰ ਇਕ ਖੋਟਾ ਸਿਕਾ ਦੇ ਕੇ ਬਜ਼ਾਰ ਵਿਚੋਂ ਕੋਈ ਚੀਜ਼ ਲੈਣ ਲਈ ਭੇਜਿਆ, ਜਿਸ ਸਿਕੇ ਉਤੇ ਬਹਾਦਰ ਸ਼ਾਹ ਦੀ ਮੋਹਰ ਲਗੀ ਹੋਈ ਸੀ। ਉਸ ਆਦਮੀ ਨੇ ਆ ਕੇ ਦਸਿਆ ਕਿ ਇਹ ਸਿੱਕਾ ਖੋਟਾ ਹੈ, ਕੋਈ ਪਰਵਾਨ ਨਹੀਂ ਕਰਦਾ। ਗੁਰੂ ਜੀ ਨੇ ਬਹਾਦਰ ਸ਼ਾਹ ਸਾਹਮਣੇ ਕਿਹਾ ਕਿ ਜਿਵੇਂ ਇਸ ਸੰਸਾਰ ਵਿਚ ਮੁਲ ਧਾਤ ਦਾ ਪੈਂਦਾ ਹੈ, ਮੋਹਰ ਨੂੰ ਕੋਈ ਨਹੀਂ ਦੇਖਦਾ। ਤਿਵੇਂ ਹੀ ਅੱਲਾਹ ਦੀ ਦਰਗਾਹ ਵਿਚ ਮਨੁਖ ਦੇ ਅਮਲਾਂ ਰਾਹੀਂ ਬਣੇ ਹੋਏ ਮਨੁਖੀ ਆਚਰਣ ਦਾ ਮੁਲ ਪੈਂਦਾ ਹੈ। ਬਾਹਰਲੀ ਮੋਹਰ ਭਾਵੇਂ ਕਿ ਕਿਸੇ ਧਰਮ ਦੀ ਹੋਵੇ, ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਧਰਮਾਂ ਦੇ ਪੱਖਾਂ ਨੂੰ ਬਿਨਾਂ ਜਾਤ, ਪਾਤ, ਨਸਲ ਜਾਂ ਲਿੰਗ ਵਿਤਕਰੇ ਦੇ ਸਮਾਨ ਸਮਝਦੇ ਸਨ। ਉਹਨਾਂ ਦੀ ਦ੍ਰਿਸ਼ਟੀ ਵਿਚ ਸਭ ਮਾਣਸ ਰੱਬੀ ਪਿਆਰ ਰਾਹੀਂ ਜੀਵਨ ਤੋਂ ਮੁਕਤ ਹੋ ਸਕਦੇ ਸਨ।

## ਸ਼ੋਕਮਈ ਚਲਾਣਾ

ਸ: ਜਸਵੰਤ ਸਿੰਘ, ਸ: ਮਾਨ ਸਿੰਘ, ਸ: ਜਸਪਾਲ ਸਿੰਘ ਜੀ ਦੇ ਮਾਤਾ ਕਿਸ਼ਨ ਕੌਰ ਜੀ 15—11—71 ਨੂੰ ਚਲਾਣਾ ਕਰ ਗਏ ਹਨ। ਜਿਨ੍ਹਾਂ ਦੀ ਆਤਮਕ ਕਲਿਆਣ ਹਿਤ ਰਖਾਏ ਅਖੰਡ ਪਾਠ ਦੇ ਭੋਗ ਸਮੇਂ ਗਿਆਰਾਂ ਦਮੜੇ ਸੂਰੇ ਰਸਾਲੇ ਨੂੰ ਭੇਜੇ ਗਏ। ਵਾਹਿਗੁਰੂ ਵਿਛੜੀ ਆਤਮਾ ਨੂੰ ਚਰਨਾਂ ਵਿਚ ਨਿਵਾਸ ਬਖਸ਼ੇ, ਪਿਛੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਸੂਰੇ ਲਈ ਸਹਾਇਤਾ

ਹੇਠ ਲਿਖੇ ਸਜਣਾਂ ਵਲੋਂ ਸੂਰੇ ਲਈ ਧੰਨਵਾਦ ਸਹਿਤ ਸਹਾਇਤਾ ਮਿਲੀ :—

| | |
|---|---|
| (ੳ) ਸ: ਕ੍ਰਿਪਾਲ ਸਿੰਘ ਜੀ ਖਾਲਸਾ ਰਿਐਤ ਮਸ਼ੀਨ ਟੂਲਜ਼ | 10 ਰੁਪਏ |
| (ਅ) ਪ੍ਰਿੰ: ਸਿੰਦਰ ਸਿੰਘ ਜੀ ਕਪੂਰਥਲਾ | 25 ਰੁਪਏ |



www.AKJ.Org

# ਗੁਰੂ ਮਾਨਿਓ ਗਰੰਥ

—ਭਾਈ ਗਿਆਨ ਸਿੰਘ ਜੀ ਬੀ. ਏ.

ਇਕ ਦਿਨ ਇਕ ਬਜ਼ੁਰਗ ਤੇ ਬੜੇ ਵਿਦਵਾਨ ਪ੍ਰੋਫ਼ੈਸਰ ਸਾਹਿਬ ਨੂੰ ਸ਼ਬਦ ਦੀ ਵਿਆਖਿਆ ਕਰਦਿਆਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਬਾਰੇ ਇਹ ਕਹਿੰਦਿਆਂ ਸੁਣ ਕੇ ਦੁਖ ਹੋਇਆ ਕਿ ਗੁਰੂ ਗਰੰਥ ਸਾਹਿਬ ਦੇ ਅਰਥ ਹਨ, ਗੁਰੂ ਦਾ ਗਰੰਥ ਜਾਂ ਗੁਰੂ ਦਾ ਬਣਾਇਆ ਹੋਇਆ ਗਰੰਥ ਤੇ 'ਸਾਹਿਬ' ਸ਼ਬਦ ਸਤਿਕਾਰ ਲਈ ਵਰਤਿਆ ਜਾਂਦਾ ਹੈ । ਇਹ ਸਮਝ ਨਹੀਂ ਆਉਂਦੀ ਕਿ ਗੁਰੂ ਗਰੰਥ ਸਾਹਿਬ ਨੂੰ 'ਗੁਰੂ ਦਾ ਗਰੰਥ' ਕਹਿਣ ਬਾਰੇ ਉਨ੍ਹਾਂ ਕਿਥੋਂ ਪ੍ਰੇਰਨਾ ਲਈ ਜਦੋਂ ਕਿ ਗੁਰਬਾਣੀ ਵਿਚੋਂ ਐਸਾ ਕੋਈ ਸੰਕੇਤ ਨਹੀਂ ਮਿਲਦਾ ਕਿ ਇਹ ਗਰੰਥ ਗੁਰੂ ਜੀ ਦਾ ਹੈ। ਕਥਾ ਸੁਣਨ ਵਾਲੀ ਸੰਗਤ ਵਿਚੋਂ ਕਈ ਐਸੇ ਸਰੋਤੇ ਹੁੰਦੇ ਹਨ ਜੋ ਕਥਾ ਵਾਚਕ ਦੇ ਨਾਮ ਤੋਂ ਐਨੇ ਪ੍ਰਭਾਵਤ ਹੁੰਦੇ ਹਨ ਕਿ ਉਹ ਕਿਸੇ ਬਚਨ ਤੇ ਕਿੰਤੂ ਨਹੀਂ ਕਰਦੇ ਤੇ ਸਤਿ ਸਤਿ ਕਰਕੇ ਕਥਾ ਵਾਚਕ ਦੇ ਵਿਚਾਰਾਂ ਨੂੰ ਅਪਣਾ ਲੈਂਦੇ ਹਨ । ਕੁਝ ਐਸੇ ਪ੍ਰੇਮੀ ਹੁੰਦੇ ਹਨ ਜੋ ਸੁਣ ਕੇ ਵਿਚਾਰਾਂ ਨੂੰ ਗੁਰਬਾਣੀ, ਗੁਰੂ ਉਦੇਸ਼ ਜਾਂ ਗੁਰਮਤਿ ਅਨੁਸਾਰ ਤੋਲਦੇ ਹਨ ਤੇ ਜੋ ਵਿਚਾਰ ਠੀਕ ਉਤਰਦੇ ਹੋਣ ਉਨ੍ਹਾਂ ਨੂੰ ਗ੍ਰਹਿਣ ਕਰ ਲੈਂਦੇ ਹਨ ਤੇ ਬਾਕੀਆਂ ਨੂੰ ਅਨਸੁਣੇ ਕਰ ਛਡਦੇ ਹਨ। ਜਿਹੜੇ ਵਿਚਾਰ ਗੁਰਮਤਿ ਅਨੁਸਾਰ ਠੀਕ ਨਾ ਉਤਰਦੇ ਹੋਣ ਉਨ੍ਹਾਂ ਬਾਰੇ ਇਹ ਡਰ ਹੁੰਦਾ ਹੈ ਕਿ ਕੋਈ ਮਨ ਵਿਚ ਵਸਾ ਕੇ ਕਿਧਰੇ ਗੁਰਮਤਿ ਗਾਡੀ ਰਾਹ ਛਡ ਕੇ ਓਝੜੇ ਨਾ ਪੈ ਜਾਏ ।

ਸ੍ਰੀ ਗੁਰੂ ਗਰੰਥ ਸਾਹਿਬ ਬਾਰੇ ਅਸੀਂ ਦੇਖਣਾ ਹੈ ਕਿ ਇਹ 'ਗੁਰੂ ਦਾ ਗਰੰਥ' ਹੈ ਜਾਂ ਇਹ 'ਗਰੰਥ ਗੁਰੂ ਹੈ' :— ਇਹ ਮਜ਼ਮੂਨ ਤਾਂ ਬਹੁਤ ਬੜਾ ਹੈ ਪਰ ਆਉ ਅਸੀ ਇਸ ਨੂੰ ਥੋਹੜੇ ਜਿਹੇ ਅੱਖਰਾਂ ਵਿਚ ਵਿਚਾਰਨ ਦਾ ਯਤਨ ਕਰੀਏ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਤਾਂ ਹਾਜੀਆਂ ਨੇ ਉਨ੍ਹਾ ਨੂੰ ਪੁਛਿਆ ਕਿ ਆਪਣੀ ਕਿਤਾਬ ਖੋਲ੍ਹ ਕੇ ਇਸ ਅਨੁਸਾਰ ਸਾਨੂੰ ਦਸੋ ਕਿ ਹਿੰਦੂ ਵਡਾ ਹੈ ਜਾਂ ਮੁਸਲਮਾਨ।

ਪੁਛਣ ਖੋਲ੍ਹ ਕਤਾਬ ਨੂੰ, ਹਿੰਦੂ ਬੜਾ ਕਿ ਮੁਸਲਮਨੋਈ ॥
ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਝੋਂ ਦੋਨੋ ਰੋਈ ॥

ਇਸ ਤੋਂ ਜ਼ਾਹਿਰ ਹੈ ਕਿ ਉਨ੍ਹਾਂ ਦੀ ਉਚਾਰਨ ਕੀਤੀ ਹੋਈ ਬਾਣੀ ਕਿਤਾਬ ਦੀ ਸ਼ਕਲ ਵਿਚ ਉਨ੍ਹਾਂ ਪਾਸ ਮੌਜੂਦ ਸੀ। ਇਸ ਬਾਰੇ ਨਵੀਨ ਖੋਜ ਤੋਂ ਇਹ ਭੀ ਪਤਾ ਲਗਦਾ ਹੈ ਕਿ ਭਗਤ ਬਾਣੀ ਭੀ ਕਾਫ਼ੀ ਉਨ੍ਹਾਂ ਨੇ ਇਕੱਠੀ ਕਰ ਲਈ ਹੋਈ ਸੀ। ਇਹ ਬਾਣੀ ਦਾ ਸੰਗ੍ਰਹਿ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਸੌਂਪਿਆ। ਉਨ੍ਹਾਂ ਨੇ ਗੁਰਮੁਖੀ ਅੱਖਰਾਂ ਨੂੰ ਤਰਤੀਬ ਬਖਸ਼ ਕੇ ਇਸ ਨਾਲ ਆਪ ਉਚਾਰਨ ਕੀਤੀ ਹੋਈ ਬਾਣੀ ਮਿਲਾ ਕੇ ਗੁਰੂ ਅਮਰਦਾਸ ਜੀ ਨੂੰ ਸੌਂਪ ਦਿਤੀ। ਇਸੇ ਤਰ੍ਹਾਂ ਇਹ ਪ੍ਰਮਪਰਾ ਚਲਦੀ ਰਹੀ। ਉਨ੍ਹਾਂ ਦਿਨਾਂ ਵਿਚ ਛਪਾਈ ਦੇ ਸਾਧਨ ਨਾਂ ਮਾਤਰ



www.AKJ.Org

ਹੋਣ ਕਾਰਨ ਗੁਰੂ ਕੇ ਸਿਖ ਗੁਰਬਾਣੀ ਕੰਠ ਹੀ ਕਰ ਲੈਂਦੇ ਸਨ। ਜਦੋਂ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੇ ਵਡਮੁਲੇ ਖਜ਼ਾਨੇ ਦੀ ਸੰਭਾਲ ਦਾ ਕੰਮ ਅਰੰਭਿਆ ਤਾਂ ਬਾਣੀ ਦੀਆਂ ਪੋਥੀਆਂ ਬਾਬਾ ਮੋਹਨ ਦਾਸ ਜੀ ਪਾਸ ਸਨ। ਆਪ ਨੂੰ ਗੁਰਬਾਣੀ ਦਾ ਐਨਾ ਸਤਿਕਾਰ ਸੀ ਕਿ ਆਪ ਨੰਗੇ ਪੈਰੀਂ ਮੋਹਨ ਦਾਸ ਜੀ ਪਾਸ ਗਏ ਤੇ ਪੋਥੀਆਂ ਸਿਰ ਤੇ ਚੁਕ ਕੇ ਲਿਆਏ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਗੁਰੂ ਗਰੰਥ ਸਾਹਿਬ ਲਿਖਵਾਇਆ ਤੇ ਭਾਦੋਂ ਸੁਦੀ ਇਕ ਸੰਮਤ ੧੬੬੧ ਨੂੰ ਪਹਿਲੀ ਵੇਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਪ੍ਰਕਾਸ਼ ਕੀਤਾ। ਬਾਬਾ ਬੁਢਾ ਜੀ ਨੂੰ ਪਹਿਲੇ ਗਰੰਥੀ ਥਾਪਿਆ। ਸਭ ਤੋਂ ਪਹਿਲੇ ਪ੍ਰਕਾਸ਼ ਸਮੇਂ ਇਹ ਹੁਕਮਨਾਮਾ ਆਇਆ :—

ਵਿਚ ਕਰਤਾ ਪੁਰਖੁ ਖਲੋਆ, ਵਾਲ ਨਾ ਵਿੰਗਾ ਹੋਆ॥

ਸੋਰਠ ਮ: ੫॥

ਇਸ ਹੁਕਮਨਾਮੇ ਤੋਂ ਜ਼ਾਹਿਰ ਹੁੰਦਾ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਸੰਕਲਨ ਦਾ ਕਾਰਜ ਅਕਾਲ ਪੁਰਖ ਨੇ ਆਪ ਨਿਰਵਿਘਨਤਾ ਨਾਲ ਸੰਪੂਰਨ ਕਰਾਇਆ।

ਜੇਕਰ ਇਹ 'ਗੁਰੂ ਦਾ ਗਰੰਥ' ਹੀ ਹੁੰਦੇ ਤਾਂ ਇਸ ਵਿਚ ਕੇਵਲ ਗੁਰੂ ਅਰਜਨ ਦੇਵ ਸਾਹਿਬ ਦੀ ਉਚਾਰਨ ਕੀਤੀ ਬਾਣੀ ਜਾਂ ਗੁਰੂ ਸਾਹਿਬਾਂ ਦੀ ਹੀ ਬਾਣੀ ਹੁੰਦੀ। ਪਰ ਗੁਰੂ ਗਰੰਥ ਸਾਹਿਬ ਵਿਚ ਤਾਂ ਗੁਰੂ ਸਾਹਿਬਾਂ ਤੋਂ ਬਿਨਾਂ ੧੯ ਭਗਤਾਂ (ਭਾਈ ਮਰਦਾਨਾ, ਸਤਾ ਡੂਮ, ਰਾਏ ਬਲਵੰਡ, ਸੁੰਦਰ ਸਮੇਤ) ਤੇ ੧੭ ਭੱਟਾਂ (ਪ੍ਰੋ: ਸਾਹਿਬ ਸਿੰਘ ਜੀ ਅਨੁਸਾਰ ੧੧ ਭੱਟਾਂ) ਦੀਆਂ ਰਚਨਾਵਾਂ ਭੀ ਹਨ ਜੋ ਵਾਹਿਦ ਅਕਾਲ ਪੁਰਖ ਦੀ ਹੋਂਦ ਨੂੰ ਮੰਨਦੇ ਤੇ ਉਨ੍ਹਾਂ ਦੇ ਕਲਾਮ ਗੁਰਬਾਣੀ ਦੇ ਆਸ਼ੇ ਅਨੁਸਾਰ ਸਨ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਤ ਕੀਤੀ ਹੋਈ ਬਾਣੀ ਇਲਾਹੀ ਕਲਾਮ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨਾਲ ਇਕ ਸੁਰ ਹੋ ਕੇ ਜਿਵੇਂ ਅਕਾਲ ਪੁਰਖ ਦਾ ਹੁਕਮ ਹੋਇਆ ਤਿਵੇਂ ਹੀ ਉਚਾਰਨ ਕਰ ਦਿਤੀ। ਇਸ ਬਾਰੇ ਕਿਸੇ ਦਲੀਲ ਦੀ ਲੋੜ ਨਹੀਂ। ਗੁਰਬਾਣੀ ਦੀਆਂ ਕੁਝ ਪੰਗਤੀਆਂ ਗੋਸ਼ ਗੁਜ਼ਾਰ ਹਨ :-

੧. ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨ ਵੇ ਲਾਲੋ।
ਸਚ ਕੀ ਬਾਣੀ ਨਾਨਕੁ ਆਖੈ, ਸਚ ਸੁਣਾਇਸੀ ਸਚ ਕੀ ਵੇਲਾ॥ (ਤਿਲੰਗ ਮ: ੧)
੨, ਹਉ ਆਪਹੁ ਬੋਲਿ ਨਾ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (ਮ: ੫)
੩. ਜੈਸੇ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰ॥ (ਮ: ੫)
੪. ਬੋਲਾਇਆ ਬੋਲੀ ਤੇਰਾ ਤੂ ਸਾਹਿਬ ਗੁਣੀ ਗਹੇਰਾ॥ (ਮ: ੫)
੫. ਧੁਰ ਕੀ ਬਾਣੀ ਆਈ, ਤਿਨਿ ਸਗਲੀ ਚਿੰਤ ਮਿਟਾਈ॥ (ਮ: ੫)
੬. ਬੋਲੇ ਸਾਹਿਬ ਕੇ ਭਾਣੇ, ਦਾਸ ਬਾਣੀ ਬ੍ਰਹਮ ਵਖਾਣੇ॥ (ਮ: ੫)
੭. ਦਾਸਨਿ ਦਾਸੁ ਕਹੈ ਜਨ ਨਾਨਕ
ਜੇਹਾ ਤੂੰ ਕਰਾਵਹਿ ਤੇਹਾ ਹਉ ਕਰੀ ਵਖਿਆਨ॥ (ਮ: ੪)



www.AKJ.Org

੮. ਬੋਲਾਇਆ ਬੋਲੀ ਖਸਮ ਦਾ——— (ਸਿਰੀ ਰਾਗ ਮਃ ੫)

੯. ਸਤਿਗੁਰੂ ਦੀ ਬਾਣੀ ਸਤਿ ਸਤਿ ਸਤਿ ਕਰ ਮਾਨੋ ਗੁਰਸਿਖਹੁ ਹਰਿ ਕਰਤਾ ਆਪੁ ਸਭ ਮੁਹਹੁ ਕਢਾਏ ॥

ਦਸਮ ਪਾਤਸਾਹ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਫੁਰਮਾਇਆ ਹੈ :—

ਕਹਿਓ ਪ੍ਰਭੂ ਸੁ ਭਾਖਿ ਹੋ ॥ ਕਿਸ ਨੂੰ ਕਾਨਿ ਰਾਖਿ ਹੋ ॥ (ਬਚਿਤਰ ਨਾਟਕ)

ਇਸ ਤਰ੍ਹਾਂ ਦੇ ਬੇਅੰਤ ਪ੍ਰਮਾਣ ਮਿਲਦੇ ਹਨ ਜੋ ਦਰਸਾਉਂਦੇ ਹਨ ਕਿ ਗੁਰਬਾਣੀ ਕਲਿਪਤ ਰਚਨਾ ਨਹੀਂ ਹੈ ਸਗੋਂ ਰਬੀ ਬਾਣੀ ਅਕਾਲ ਪੁਰਖ ਨੇ ਆਪ ਮੂੰਹੋਂ ਕਢਾਈ ਹੈ।

ਇਸੇ ਲਈ ਬਾਣੀ ਦਾ ਵਿਸ਼ੇਸ਼ ਸਤਿਕਾਰ ਗੁਰੂ ਸਾਹਿਬਾਂ ਨੇ ਆਪ ਭੀ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਗਰੰਥ ਸਾਹਿਬ ਦੇ ਹਰਿਮੰਦਰ ਸਾਹਿਬ ਵਿਚ ਬਰਾਜਮਾਨ ਹੋਣ ਤੋਂ ਪਿਛੋਂ ਗੁਰੂ ਅਰਜਨ ਦੇਵ ਜੀ ਇਨ੍ਹਾਂ ਨੂੰ ਸਦਾ ਉੱਚਾ ਦਰਜਾ ਦਿੰਦੇ ਸਨ ਤੇ ਆਪ ਨੀਵੀਂ ਥਾਂ ਤੇ ਬੈਠਦੇ ਸਨ। ਇਥੋਂ ਤਕ ਕਿ ਗੁਰੂ ਅਰਜਨ ਦੇਵ ਜੀ ਨੇ ਉਸ ਦਿਨ ਤੋਂ ਤਖ਼ਤ (ਗੱਦੀ) ਤੇ ਬੈਠਣਾ ਛਡ ਦਿੱਤਾ। ਉਦੋਂ ਤੋਂ ਗੁਰੂ ਗਰਥ ਸਾਹਿਬ ਨੂੰ ਮੰਜੀ ਸਾਹਿਬ (ਤਖ਼ਤ) ਤੇ ਸਜਾ ਕੇ ਛਤਰ ਚੋਰ ਕੀਤਾ ਤੇ ਕਰਾਇਆ। ਜੇਕਰ ਇਹ ਗੁਰੂ ਜੀ ਦਾ (ਨਿਜੀ) ਗਰੰਥ ਹੀ ਹੁੰਦੇ ਤਾਂ ਉਹ ਆਪ ਦਿਭ ਜੋਤੀ ਆਪਣੀ ਕਿਰਤ ਨੂੰ ਆਪਣੇ ਨਾਲੋਂ ਵਧ ਨਾ ਸਤਿਕਾਰਦੇ। ਜਿਵੇਂ ਸਿਧਾ ਜਿਹਾ ਅਸੂਲ ਹੈ ਕਿ ਕਾਦਰ ਤੋਂ ਉਸਦੀ ਕੁਦਰਤ, ਕਰਤੇ ਤੋਂ ਉਸ ਦੀ ਕਿਰਤ, ਸ਼ਿਵ ਤੋਂ ਉਸ ਦੀ ਸ਼ਕਤੀ, ਸੂਰਜ ਤੋਂ ਉਸ ਦੀ ਰੋਸ਼ਨੀ ਕਦੇ ਸ਼ਕਤੀਸ਼ਾਲੀ ਤੇ ਵਧੇਰੇ ਸਤਿਕਾਰ ਯੋਗ ਨਹੀਂ ਹੁੰਦੀ।

ਗੁਰੂ ਅਰਜਨ ਦੇਵ ਜੀ ਦੇ ਪਿਛੋਂ ਸਾਰੇ ਗੁਰੂ ਸਾਹਿਬਾਂ ਨੇ ਐਨ ਉਸੇ ਤਰ੍ਹਾਂ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਕੀਤਾ ਤੇ ਆਪਣੇ ਸਿਖਾਂ ਤੋਂ ਇਨ੍ਹਾਂ ਦਾ ਸਤਿਕਾਰ ਕਰਾਇਆ। ਇਥੋਂ ਤਕ ਕਿ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੬੫ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਪ੍ਰਦਖਣਾ ਕਰ ਕੇ ਮੱਥਾ ਟੇਕਿਆ ਤੇ ਗੁਰੂ ਪਦਵੀ ਦੀ ਮੋਹਰ ਲਾ ਕੇ ਸਿਖਾਂ ਨੂੰ ਇਨ੍ਹਾਂ ਦੇ ਲੜ ਲਾਇਆ ਤੇ ਆਪ ਨੇ ਫੁਰਮਾਇਆ :-

੧, ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।

੨. ਤੀਨ ਰੂਪ ਸੇ ਮੋਹਿਨਾ ਸੁਣੋ ਨੰਦ ਚਿਤ ਲਾਇ।
ਏਕ ਰੂਪ ਤਿਹ ਗੁਣ ਤੇ ਪਰੇ, ਦੂਸਰ ਰੂਪ ਗ੍ਰੰਥ ਜੀ ਜਾਣ।
ਤੀਸਰ ਰੂਪ ਸਿੱਖ ਹੈ ਮੁਹਿ।

ਭਾਈ ਕਾਹਨ ਸਿੰਘ ਜੀ ਨਾਭੇ ਵਾਲੇ ਲਿਖਦੇ ਹਨ ਕਿ ਸ੍ਰੀ ਗੁਰੂ ਗਰੰਥ ਸਾਹਿਬ ਨਾਲ 'ਗੁਰੂ' ਸ਼ਬਦ ਉਦੋਂ ਤੋਂ ਲਾਉਣਾ ਅਰੰਭ ਹੋਇਆ ਜਦੋਂ ਤੋਂ ਇਨ੍ਹਾਂ ਨੂੰ ਗੁਰੂ ਪਦਵੀ ਪ੍ਰਾਪਤ ਹੋਈ। ਪਰ ਜਦੋਂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ "ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ । ਗੁਰੂ ਬਾਣੀ ਕਹੇ ਸੇਵਕ ਜਨ ਮਾਨੇ ਪ੍ਰਤਖ ਗੁਰੂ ਨਿਸਤਾਰੇ।" ਤਾਂ ਇਸ ਬਾਰੇ ਸੰਸਾ ਨਹੀਂ ਹੋ ਸਕਦਾ ਕਿ ਗੁਰੂ ਗਰੰਥ ਸਾਹਿਬ ਬਾਣੀ ਦੇ ਬੋਹਿਥ ਆਦਿ ਤੋਂ ਹੀ ਗੁਰੂ ਹਨ।



www.AKJ.Org

ਵੇਦ, ਸ਼ਾਸਤਰ, ਗੀਤਾ, ਕੁਰਾਨ, ਅੰਜੀਲ, ਬਾਈਬਲ ਤੇ ਹੋਰ ਅਨੇਕਾਂ ਧਰਮਾਂ ਦੇ ਗਰੰਥ ਜਾਂ ਪੁਸਤਕਾਂ ਹਨ ਪਰ ਕਿਸੇ ਨੂੰ ਭੀ ਗੁਰੂ ਪਦਵੀ ਪ੍ਰਾਪਤ ਨਹੀਂ। ਇਸੇ ਲਈ ਇਨ੍ਹਾਂ ਸਾਰੀਆਂ ਧਾਰਮਕ ਪੁਸਤਕਾਂ ਨਾਲ 'ਗੁਰੂ' ਜਾਂ ਕੋਈ ਇਸ ਦੀ ਤੁਲਨਾ ਦਾ ਸ਼ਬਦ ਨਹੀਂ ਲਾਇਆ ਜਾਂਦਾ। ਦਸਮ ਪਾਤਸ਼ਾਹ ਦੀ ਬਾਣੀ ਤੋਂ ਹੋਰ ਕਾਵਿ-ਕਿਰਤ ਦਾ ਸੰਗ੍ਰਹਿ ਭਾਈ ਮਨੀ ਸਿੰਘ ਜੀ ਨੇ ਕੀਤਾ। ਉਸ ਦਾ ਨਾਮ 'ਦਸਮ ਗਰੰਥ' ਜਾਂ ਦਸਮ ਪਾਤਸ਼ਾਹ ਦਾ ਗਰੰਥ ਪ੍ਰਸਿਧ ਹੈ। ਉਸ ਨਾਲ ਗੁਰੂ ਸ਼ਬਦ ਨਹੀਂ ਲਾਇਆ ਜਾਂਦਾ ਕਿਉਂਕਿ ਉਸ ਗਰੰਥ ਨੂੰ ਗੁਰੂ ਪਦਵੀ ਪ੍ਰਾਪਤ ਨਹੀਂ।

ਗੁਰੂ ਬਾਣੀ ਵਿਚ ਜਿਥੇ ਬਾਣੀ ਨੂੰ ਗੁਰੂ ਮੰਨਿਆ ਗਿਆ ਹੈ ਉਥੇ ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨਣ ਬਾਰੇ ਫੁਰਮਾਨ ਹੈ :—

ਪੋਥੀ ਪ੍ਰਮੇਸ਼ਰ ਕਾ ਥਾਨੁ।
ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ।

ਸੋ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰੂ ਦਾ ਗਰੰਥ ਕਹਿਣਾ ਠੀਕ ਨਹੀਂ ਹੈ ਸਗੋਂ ਇਸ ਦੇ ਅਰਥ ਹਨ ਆਦਿ ਗਰੰਥ ਸਾਹਿਬ ਜੋ ਗੁਰੂ ਹਨ। ਗੁਰਬਾਣੀ ਅਨੁਸਾਰ ਪਰਮ ਪਦ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਨਾਲ ਗੁਰ ਸ਼ਬਦ ਰਾਹੀਂ ਹੁੰਦੀ ਹੈ। ਸ਼ਬਦ ਦਾ ਵਿਸਥਾਰ ਗੁਰੂ ਗਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗਰੰਥ ਸਾਹਿਬ ਜੁਗ ਜੁਗ ਅਟਲ ਸ਼ਬਦ ਅਵਤਾਰ ਦਸਾਂ ਪਾਤਸ਼ਾਹੀਆਂ ਦੀ ਜੋਤਿ ਸਰੂਪ, ਸਾਖਸਾਤ ਰੂਪ ਵਿਚ ਗੁਰਾਂ ਕੀ ਦੇਹ ਹਨ। ਜਿਵੇਂ ਫੁਲ ਵਿਚ ਸੁਗੰਧ, ਫਲ ਵਿਚ ਮਿਠਾਸ, ਜੀਵ ਵਿਚ ਆਤਮਾ, ਸੂਰਜ ਵਿਚ ਨਿਘ, ਚੰਦਰਮਾਂ ਵਿਚ ਸੀਤਲਤਾ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਤਖ਼ਤ ਚੌਰ ਦੇ ਮਾਲਕ, ਰਾਜਨ ਰਾਜ, ਭਾਨਨ ਭਾਨ, ਦੇਵਾਨ ਦੇਵ ਸਾਕਾਰ ਰੂਪ ਵਿਚ ਗੁਰੂ ਹਨ ਤੇ ਇਨ੍ਹਾਂ ਅੰਦਰ ਨਿਰਾਕਾਰ ਸ਼ਬਦ ਗੁਰੂ ਹੈ। ਲੋੜ ਹੈ ਕੇਵਲ ਸ਼ਰਧਾ ਦੀ, ਇਨ ਮਨ ਤੇ ਉਨ ਮਨ ਹੋਣ ਦੀ, ਬਿਅਨ ਅਖੜੀਆਂ ਦੀ, ਮਨ ਦੀ ਮਤ ਤਿਆਗਣ ਦੀ, ਸਤਿਕਾਰ ਦੀ, ਨਿਰਮਲ ਭਓ ਦੀ, ਭਾਉ ਭਗਤ ਦੀ ਤੇ ਫਿਰ ਇਹ ਪ੍ਰਤਖ ਗੁਰੂ ਨਜ਼ਰ ਆਉਣਗੇ, ਅਸਾਡੇ ਨਾਲ ਗਲਾਂ ਕਰਨਗੇ, ਸਾਡੀਆਂ ਮੁਸ਼ਕਲਾਂ ਦੇ ਹਲ ਦਸਣਗੇ, ਭਰਮ ਦੇ ਪਰਦੇ ਖੋਲ੍ਹਣਗੇ ਤੇ ਵਿਚੋਲਾ ਹੋ ਕੇ ਅਕਾਲ ਪੁਰਖ ਨਾਲ ਇਕ ਮਿਕ ਕਰਾਉਣਗੇ। ਜਾਗਤ ਜੋਤਿ ਦਾ ਸ਼ਬਦ ਰਾਹੀਂ ਗੁਰਸਿਖ ਤੇ ਜ਼ਰੂਰ ਹੈ :—

੧. ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ।
ਜਿਹਿ ਧਿਰਿ ਦੇਖਾ ਤਿਹ ਧਿਰਿ ਮਉਜੂਦ।
੨. ਸਿਦਕ ਸਬੂਰੀ ਸਾਦਿਕਾ ਸਬੁਰ ਤੋਸਾ ਮਲਾਇਕਾ।
ਦੀਦਾਰ ਪੂਰੇ ਪਾਇਸਾ ਥਾਉ ਨਾਹੀ ਖਾਇਕਾ।
੩. ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ,
ਤਿਸ ਸਿਰ ਲੇਖੁ ਨ ਹੋਈ।
੪. ਗੁਰਮੁਖਿ ਗਾਰੜੁ ਜੋ ਸੁਣੇ ਮਨੇ ਨਾਉ ਸੰਤੋਸੁ।

ਕਵਿਕਾਲ ਦੇ ਰਤਨ ਸੰਤ ਨਿਹਾਲ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹਿਮਾ ਤੇ ਸਤਿਕਾਰ ਵਿਚ ਇਕ ਲੰਬੀ ਕਵਿਤਾ (ਬੈਂਤ) ਲਿਖੀ ਹੈ, ਜਿਸ ਦੀ ਵੰਨਗੀ ਇਸ ਪ੍ਰਕਾਰ ਹੈ :—



www.AKJ.Org

ਅਨੰਦ ਕੋ ਘਰ ਹੈ, ਕਿ ਅੰਮ੍ਰਿਤ ਕੋ ਸਰ ਹੈ,
ਕਿ ਦੇਵਨ ਕੋ ਤਰ ਹੈ, ਕਿ ਗਯਾਨ ਕੋ ਸਮਾਜ ਹੈ।
ਕਾਲ ਹੂੰ ਕੋ ਕਾਲ ਹੈ, ਕਿ ਰੀਤਿ ਹੀ ਕ। ਪਾਲ ਹੈ,
ਕਿ ਭਗਤੀ ਕੋ ਮਾਲ ਹੈ, ਕਿ ਭਵ ਕੋ ਜਹਾਜ ਹੈ।
ਵੇਦ-ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਂਤਿ ਹੈ,
ਕਿ ਮੋਖ ਹੂ ਕੋ ਸ਼ਾਂਤਿ ਹੈ, ਕਿ ਬ੍ਰਹਮ ਹੀ ਵਿਰਾਜ ਹੈ।
ਰਾਗਨ ਕੇ ਬਾਗ ਹੈ ਕਿ ਜੀਵਨ ਕੋ ਭਾਗ ਹੈ,
ਕਿ ਧਰਾ ਕੋ ਸੁਹਾਗ ਹੈ ਕਿ (ਗੁਰੂ) ਗੰਥ ਮਹਾਰਾਜ ਹੈ।

———

# ਖਿੰਡ ਢੁਡੀਆਂ ਵਿਖੇ ਸਮਾਗਮ

ਪਿੰਡ ਢੁਡੀਆਂ ਵਿਖੇ ਭਾਈ ਹਰਬੰਸ ਸਿੰਘ ਜੀ ਦੇ ਗ੍ਰਿਹਿ ਵਿਖੇ ਹੇਠਾਂ ਲਿਖੀਆਂ ਤਰੀਕਾਂ ਅਨੁਸਾਰ ਅਖੰਡ ਪਾਠ, ਅੰਮ੍ਰਿਤ ਤੇ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਸਭ ਸੰਗਤਾਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਆਇ ਦਰਸ਼ਨ ਦੇਣ ਤੇ ਲਾਹੇ ਲੈਣ।

| | |
|---|---|
| 3—2—72 | ਅਰੰਭ ਸ੍ਰੀ ਅਖੰਡ ਪਾਠ। |
| 5—2—72 | ਭੋਗ ਸਵੇਰੇ 5 ਵਜੇ। |
| | ਉਪਰੰਤ ਕੀਰਤਨ। |
| 6—2—72 | ਸਵੇਰੇ ਸਮਾਪਤੀ। |
| | 5—2—72 ਨੂੰ ਅੰਮ੍ਰਿਤ ਸੰਚਾਰ ਹੋਵੇਗਾ। |

# ਲਿਖਾਰੀਆਂ ਨੂੰ ਬੇਨਤੀ

ਲਿਖਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈਕਿ :—

(ੳ) ਬਾਣੀ ਸੋਧ ਕੇ ਛਾਪਣ ਲਈ ਭੇਜੀ ਜਾਵੇ। ਇਹ ਅਤ ਜ਼ਰੂਰੀ ਹੈ ਜੀ।

(ਅ) ਲੇਖ ਮਹੀਨੇ ਦੀ ਪਹਿਲੀ ਤ੍ਰੀਕ ਤਕ ਏਥੇ ਪੁਜ ਜਾਣ।

(ੲ) ਲੇਖ ਲੀਕਾਂ ਵਾਲੇ ਕਾਗਜ਼ ਦੇ ਇਕ ਪਾਸੇ ਲਿਖੇ ਜਾਣ।

(ਸ) ਜੇ ਹੋ ਸਕੇ ਤਾਂ ਮਹੀਨੇ ਵਿਚ ਆ ਰਹੇ ਢੁਕਵੇਂ ਗੁਰਪੁਰਬਾਂ ਅਨੁਸਾਰ ਢੁਕਵੇਂ ਲੇਖ ਹੋਣ।



www.AKJ.Org

# ਭਗਤ ਪੀਪਾ ਜੀ

—ਪ੍ਰੋ: ਗੁਰਮੁਖ ਸਿੰਘ ਜੀ ਡਬਲ ਐਮ. ਏ.

ਪਿਛਲੇ ਲੇਖ ਵਿਚ ਇਹ ਦਸ ਆਏ ਹਾਂ ਕਿ ਕਿਵੇਂ ਦੁਰਗਾ ਪੁਜਾਰੀ ਪੀਪਾ ਜੀ ਸਵਾਮੀ ਰਾਮਾਨੰਦ ਤੋਂ ਰਾਮ ਨਾਮ ਲੈ ਕੇ ਇਕ ਅਕਾਲ ਪੁਰਖ ਦੇ ਪ੍ਰਾਇਣ ਹੋ ਗਏ। ਪਰ ਅਗੇ ਸਵਾਮੀ ਜੀ ਨੇ ਰਾਜ-ਕਾਜ ਕਰਨ ਦਾ ਹੁਕਮ ਕੀਤਾ ਹੋਇਆ ਸੀ। ਕੁਝ ਸਮਾਂ ਰਾਮ-ਨਾਮ ਦੀਆਂ ਕਮਾਈਆਂ ਕਰਨ ਤੋਂ ਮਗਰੋਂ ਮਨ ਵਿਚ ਬੈਰਾਗ ਉਪਜਿਆ, ਦਰਸ਼ਨ ਦੇਖਨ ਦਾ ਚਾਉ ਉਪਜਿਆ। ਇਕ ਵੇਰਾਂ ਜਦੋਂ ਸਵਾਮੀ ਜੀ ਪੀਪਾ ਜੀ ਦੀ ਰਿਆਸਤ ਗਗਨੌਰ ਵਿਖੇ ਗਏ। ਬੜੇ ਚਾਉ-ਮਲ੍ਹਾਰ ਨਾਲ ਸਵਾਗਤ ਕੀਤਾ। ਕਈ ਦਿਨ ਉਥੇ ਰਹੇ। ਇਕ ਦਿਨ ਪੀਪਾ ਜੀ ਨੇ ਬੇਨਤੀ ਕੀਤੀ ਕਿ ਉਹ ਰਾਜ-ਕਾਜ ਛਡਨਾ ਚਾਹੁੰਦੇ ਹਨ। ਤਾਂ ਸਵਾਮੀ ਜੀ ਨੇ ਸੰਨਿਆਸ ਦੀਆਂ ਔਕੜਾਂ ਦਸੀਆਂ ਅਤੇ ਕਿਹਾ ਕਿ ਆਪਣੇ ਘਰ ਜਾ ਕੇ ਰਾਣੀਆਂ ਨਾਲ ਸਲਾਹ ਕਰ ਲਉ।

ਘਰ ਜਾ ਕੇ ਪੀਪਾ ਜੀ ਨੇ ਸੰਨਿਆਸ ਧਾਰਨ ਕਰਨ ਦਾ ਮਤਾ ਪਕਾ ਹੀ ਲਿਆ। ਬੈਰਾਗ ਠਾਠਾਂ ਮਾਰ ਰਿਹਾ ਸੀ। ਅੰਦਰਹੁ ਦੁਨੀਆਂ ਲਈ ਮੋਹ ਟੁਟ ਚੁਕਾ ਸੀ।

"ਅੰਦਰਹੁ ਜਿਨ ਕਾ ਮੋਹੁ ਤੁਟਾ" ਵਾਲੀ ਮਨ ਦੀ ਦਸ਼ਾ ਹੋਈ ਪਈ ਸੀ। ਰਾਜ ਭਾਗ ਸੰਤਾਨ ਨੂੰ ਸੌਂਪ ਦਿਤਾ। ਆਪਣੇ ਕੀਮਤੀ ਬਸਤਰ ਉਤਾਰ ਦਿਤੇ, ਫ਼ਕੀਰਾਂ ਵਾਲੇ ਕਪੜੇ ਪਾ ਲਏ। ਰਾਜਾ ਤੇ ਕਿਤੇ ਫ਼ਕੀਰ। ਸਾਨੂੰ ਤਾਂ ਲਗਦਾ ਹੈ ਹਾਏ, ਰਾਜੇ ਤੋਂ ਭਿਖਾਰੀ ਬਣ ਗਿਆ, ਪਰ ਰਬ ਦੇ ਪਿਆਰਿਆਂ ਨੂੰ ਰਾਜ ਨਾਲੋਂ ਫ਼ਕੀਰੀ ਜ਼ਿਆਦਾ ਪਿਆਰੀ ਲਗਦੀ ਹੈ। ਫ਼ਕੀਰ ਹੀ ਅਸਲੀ ਰਾਜਾ ਹੁੰਦਾ ਹੈ।

ਰਾਜ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

ਆਪਣਾ, ਆਪ ਗਵਾ ਕੇ ਹੀ ਉਸ ਦਰੋਂ ਮਾਨ ਮਿਲਦਾ ਹੈ। ਪੀਪਾ ਜੀ ਆਪਣਤ ਛਡ ਰਹੇ ਹਨ। ਫ਼ਕੀਰ ਬਣ ਰਹੇ ਹਨ। ਉਹਨਾਂ ਦੀ ਅਤਿ ਪਿਆਰੀ ਰਾਣੀ ਸੀਤਾ ਦੇ ਮਨ ਵਿਚ ਰਾਜੇ ਲਈ ਅਤਿ ਪਿਆਰ ਸੀ। ਉਸ ਭੀ ਆਣ ਕੇ ਬੇਨਤੀ ਕੀਤੀ।

ਰਾਜਨ! ਮੈਂ ਭੀ ਨਾਲ ਜਾਣਾ ਹੈ। ਮੈਂ ਭੀ ਸੰਨਿਆਸ ਧਾਰਨ ਕਰਨਾ ਹੈ। ਤੁਸੀਂ ਜਿਥੇ ਜਾਉਗੇ ਮੈਂ ਭੀ ਸੰਗ ਰਹਾਂਗੀ। ਰਾਜਨ ਮੈਂ ਮਰ ਜਾਵਾਂਗੀ, ਮੈਨੂੰ ਨਾ ਵਿਛੋੜੋ।

ਪੀਪਾ ਜੀ ਨੇ ਆਪਣੀ ਬੇਬਸੀ ਦਸੀ ਕਿ ਵੈਸ਼ਨਵ ਸੰਨਿਆਸੀ ਨੂੰ ਨਾਰੀ ਤੋਂ ਦੂਰ ਰਹਿਣ ਦੀ ਆਗਿਆ ਹੁੰਦੀ ਹੈ। ਪਰ ਗੁਰੂ ਰਾਮਾ ਨੰਦ ਸੀਤਾ ਜੀ ਦਾ ਪ੍ਰਭੂ ਪਿਆਰ ਤੇ ਪਤੀ-ਪਿਆਰ ਦੇਖ ਕੇ ਉਸ ਨੂੰ ਰੋਕ ਨਾ ਸਕੇ।

ਰਾਜਾ ਅਤੇ ਰਾਣੀ ਮਹੱਲਾਂ ਵਾਲਿਆਂ ਨੂੰ ਅਲਵਿਦਾ ਕਹਿ ਕੇ ਚਲ ਪਏ। ਸਾਧੂ ਸੰਤਾਂ ਸੰਗ



www.AKJ.Org

ਦੁਆਰਕਾ ਪੁਜੇ। ਸਵਾਮੀ ਜੀ ਤਾਂ ਕਾਂਸ਼ੀ ਆ ਗਏ ਪਰ ਪੀਪਾ ਜੀ ਤੇ ਸੀਤਾ ਜੀ ਉਥੇ ਹੀ ਰਹੇ। ਹੁਣ ਭਗਤ ਪੀਪਾ ਜੀ ਦੀ ਪ੍ਰੀਖਿਆ ਹੁੰਦੀ ਹੈ। ਹਰ ਭਗਤ ਦੀ ਹੁੰਦੀ ਹੈ ਤੇ ਪਾਸ ਭੀ ਉਹ ਆਪ ਕਰ ਦਿੰਦਾ ਹੈ। ਵਾਹਿਗੁਰੂ ਸਾਡਾ ਅੰਦਰਲਾ ਹਿਰਦਾ ਵੇਖਦਾ ਹੈ, ਕਿਵੇਂ ਹੈ, ਕਿਹੋ ਜਿਹਾ ਹੈ, ਸਚਾ ਸੁਚਾ ਹੈ, ਦ੍ਰਿੜ ਹੈ ਕਿ ਕਚਾ-ਪਿਲਾ ਹੈ, ਸ਼ੰਕਾਵਾਦੀ ਹੈ। ਜਿਥੇ ਮਨੁਖੀ reason ਮੁਕ ਜਾਂਦਾ ਹੈ ਉਥੋਂ (Eaith) ਭਰੋਸਾ ਅਰੰਭ ਹੁੰਦਾ ਹੈ। ਮਾਲਕ ਨੇ ਇਹੋ ਵੇਖਣਾ ਹੈ ਕਿ ਮੇਰੇ ਸੇਵਕ ਵਿਚ ਕਿੰਨਾ ਕੁ ਭਰੋਸਾ ਹੈ।

ਪੀਪਾ ਜੀ ਨੇ ਕਿਸੇ ਪੰਡਤ-ਵਿਦਵਾਨ ਦੀ ਦਵਾਰਕਾ ਵਿਚ ਕਥਾ ਸੁਣੀ ਕਿ ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇ ਇਕ ਹੋਰ ਦਵਾਰਕਾ ਨਗਰੀ ਵਸਾਈ ਹੈ ਜੋ ਜਲ ਦੇ ਹੇਠਾਂ ਹੈ। ਮਨ ਵਿਚ ਬੜਾ ਅਚੰਭਾ ਹੋਇਆ, ਪਰ ਭਗਵਾਨ ਦੇ ਦਰਸ਼ਨ ਕਰਨ ਦੀ ਬੜੀ ਚਾਹ ਸੀ। ਇਕ ਦਿਨ ਕਿਤੇ ਉਹ ਦੋਵੇਂ ਜਮਨਾ ਕਿਨਾਰੇ ਬੈਠੇ ਸਨ, ਤਾਂ ਉਹਨਾਂ ਕੋਲ ਇਕ ਹੋਰ ਤਿਲਕ-ਧਾਰੀ ਪੰਡਤ ਭੀ ਬੈਠਾ ਸੀ। ਪ੍ਰਭੂ ਦੇ ਪਿਆਰੇ, ਪ੍ਰਭੂ ਮਿਲਾਪ ਦੀਆਂ ਤਾਂਘਾਂ ਵਿਚ, ਪ੍ਰੇਮ-ਕਸਾਈ ਨਿਰਮਲ ਧਾਰਾ ਦੇ ਵੇਗ ਨੂੰ ਵੇਖ ਵੇਖ ਕੇ ਖੁਸ਼ ਹੋ ਰਹੇ ਹਨ। ਪੀਪਾ ਜੀ ਨੇ ਪੁਛਿਆ, ਪੰਡਤ ਜੀ, ਭਲਾ ਭਗਵਾਨ ਦੀ ਨਵੀਂ ਦਵਾਰਕਾ ਨਗਰੀ ਕਿਥੇ ਹੈ ? ਪੰਡਤ ਜੀ ਨੇ ਭੀ ਜਾਣ ਲਿਆ ਕਿ ਇਹ ਕੋਈ ਸ਼ੁਦਾਈ ਹੈ ਜੋ ਇਹੋ ਜਿਹੇ ਪ੍ਰਸ਼ਨ ਪੁਛਦਾ ਹੈ। ਉਸ ਨੇ ਭੀ ਕਹਿ ਦਿਤਾ, ਸ਼ਾਇਦ ਉਹਨਾਂ ਦਾ ਧੁਰ ਬਣਾਉਣ ਲਈ—"ਪਾਣੀ ਵਿਚ, ਦਰਿਆ ਦੇ ਹੇਠਾਂ।"

ਬਸ ਫਿਰ ਕੀ ਸੀ, ਪੀਪਾ ਜੀ ਤੇ ਸੀਤਾ ਜੀ ਨੇ ਛਾਲਾਂ ਮਾਰ ਦਿਤੀਆਂ ਪ੍ਰਭੂ ਮਿਲਾਪ ਲਈ। ਲੋਕੀਂ ਵੇਖਦੇ ਹੀ ਰਹਿ ਗਏ, ਉਹਨਾਂ ਬ੍ਰਾਹਮਣ ਨੂੰ ਲਾਹਨਤਾਂ ਪਾਈਆਂ। ਉਹ ਭੀ ਪਛਤਾਇਆ ਕਿ ਜੀਵ ਹਤਿਆ ਹੋਈ ਹੈ। ਤੇ ਉਥੋਂ ਖਿਸਕ ਹੀ ਗਿਆ। ਪਰ ਕਿਨਾਰੇ ਤੇ ਬੜੀ ਭੀੜ ਕਠੀ ਹੋ ਗਈ ਤੇ ਉਹਨਾਂ ਦੀਆਂ ਗਲਾਂ ਹੋਣ ਲਗ ਪਈਆਂ।

ਭਾਵੇਂ ਪੰਡਤਾਂ ਦੀਆਂ ਗੱਲਾਂ ਵਿਚ ਕੋਈ ਸਚਾਈ ਨਹੀਂ ਸੀ, ਪਰ ਫਿਰ ਭੀ ਸਜਨ ਪ੍ਰੀਤਮ ਜੀ ਨੇ ਆਪਣੇ ਪਿਆਰਿਆਂ ਨੂੰ ਉਹੀ ਕੌਤਕ ਦਿਖਾਏ। ਪਾਣੀ ਦੇ ਅੰਦਰ ਕ੍ਰਿਸ਼ਨ ਰੂਪ ਧਾਰਨ ਕਰ ਲਿਆ ਤੇ ਦਵਾਰਕਾ ਨਗਰੀ ਵਸਦੀ ਹੋਈ ਦਿਖਾ ਦਿਤੀ। ਮੁੜਨ ਨੂੰ ਜੀ ਤਾਂ ਨਹੀਂ ਸੀ ਕਰਦਾ ਪਰ ਫਿਰ ਭਗਵਾਨ ਦਾ ਹੁਕਮ ਮੰਨ ਕੇ ਮੁੜ ਆਏ। ਲੋਕੀਂ ਕਿਨਾਰੇ ਤੇ ਖੜੇ ਉਹਨਾਂ ਨੂੰ ਸੁਕੇ ਕਪੜੇ ਬਾਹਰ ਵੇਖ ਕੇ ਬੜੇ ਹੈਰਾਨ ਹੋਏ ਤੇ ਪੀਪਾ ਜੀ ਦੀ ਧੰਨ ਧੰਨ ਹੋਣ ਲਗ ਪਈ। ਆਪ ਇਥੋਂ ਚਲੇ ਗਏ।

ਹੁਣ ਸੀਤਾ ਜੀ ਤੇ ਭੀ ਇਕ ਮੁਸੀਬਤ ਆਈ। ਆਪ ਦੀ ਸੁੰਦਰਤਾ ਨੂੰ ਲੁਟਣ ਲਈ ਚਾਰ ਕੁਰਾਹੀਏ ਉਹਨਾਂ ਦੇ ਮਗਰ ਪੈ ਗਏ। ਉਹਨਾਂ ਕੁਰਾਹੀਆਂ ਨੇ ਭੀ ਸਾਧੂਆਂ ਵਾਲੇ ਕਪੜੇ ਪਾ ਲਏ ਤੇ ਪੀਪਾ ਜੀ ਦੇ ਸੰਗ-ਸਾਥ ਭ੍ਰਮਣ ਕਰਨ ਲਗ ਪਏ। ਫਿਰਦੇ ਫਿਰਾਂਦੇ ਆਖਰ ਉਹਨਾਂ ਭੈੜੀ ਨੀਤ ਵਾਲਿਆਂ ਨੂੰ ਇਕ ਚਾਂਸ ਮਿਲ ਗਿਆ। ਇਕ ਦਿਨ ਉਹ ਇਕ ਮੰਦਰ ਵਿਚ ਰਾਤ ਆਰਾਮ ਕਰਨ ਲਈ ਉਤਰੇ। ਉਹਨਾਂ ਨੂੰ ਦੋ ਕਮਰੇ ਰਿਹਾਇਸ਼ ਲਈ ਦਿਤੇ ਗਏ। ਪੀਪਾ ਜੀ ਆਪ ਉਹਨਾਂ ਚਾਰ ਭੇਖੀ ਸਾਧੂਆਂ ਪਾਸ ਸੌਂ ਗਏ ਤੇ ਸੀਤਾ ਜੀ ਨੂੰ ਨਾਲ ਦੇ ਕਮਰੇ ਵਿਚ ਇਕੱਲਿਆਂ ਆਰਾਮ ਕਰਨ ਲਈ ਕਿਹਾ ਗਿਆ। ਭਗਤ ਜੀ ਨੂੰ ਸੰਸਾਰਕ ਮਿਆਰਾਂ ਅਨੁਸਾਰ ਇਹ ਖ਼ਿਆਲ ਭੀ ਨਹੀਂ ਆਇਆ ਕਿ ਇਹ ਭੇਖੀ ਸਾਧੂ ਹਨ ਅਤੇ ਸੀਤਾ ਜੀ ਨੂੰ ਇਕੱਲਿਆਂ ਦੂਜੇ ਕਮਰੇ ਵਿਚ ਰਖਣਾ ਉਚਿਤ ਨਹੀਂ। ਪਰ ਪ੍ਰਭੂ ਦੀ


www.AKJ.Org

ਲੀਲ੍ਹਾ ਹੀ ਐਸੀ ਸੀ।

ਚੋਹਾਂ ਨੇ ਮੌਕਾ ਚੰਗਾ ਵੇਖ ਕੇ ਮਤਾ ਪਕਾਇਆ ਕਿ ਉਹ ਵਾਰੋ-ਵਾਰੀ ਕਾਫ਼ੀ ਰਾਤ ਗਏ ਕੁਕਰਮ ਕਰਨਗੇ। ਉਹਨਾਂ ਵਿਚੋਂ ਇਕ ਜਦੋਂ ਸੀਤਾ ਜੀ ਦੇ ਕਮਰੇ ਵਿਚ ਗਿਆ ਤਾਂ ਉਥੇ ਉਸ ਨੂੰ ਸੀਤਾ ਦੀ ਥਾਂ ਤੇ ਸ਼ੇਰਨੀ ਪਈ ਦਿਸੀ। ਤ੍ਰਬਕ ਕੇ ਬਾਹਰ ਭਜ ਗਿਆ। ਹੋਰਨਾਂ ਨੂੰ ਜਾਕੇ ਦਸਿਆ ਕਿ ਉਥੇ ਤਾਂ ਸੀਤਾ ਜੀ ਨਹੀਂ ਹਨ ਸ਼ੇਰ ਹੈ ਤਾਂ ਉਹ ਬੜੇ ਹੱਸੇ। ਦੂਜਾ ਭੀ ਅੰਦਰ ਗਿਆ ਉਸ ਨੂੰ ਭੀ ਸ਼ੇਰਨੀ ਹੰਭਲਾ ਮਾਰ ਕੇ ਖਾਣ ਨੂੰ ਪਈ। ਉਹ ਭੀ ਤ੍ਰਬਕ ਕੇ ਘਬਰਾ ਕੇ ਬਾਹਰ ਨੂੰ ਦੌੜਿਆ। ਉਹਨਾਂ ਆਪਣੇ ਡਰ ਨੂੰ ਲਹਾਉਣ ਲਈ ਕੁਝ ਕਖ ਜਹੇ ਬਾਲਕੇ ਰੋਸ਼ਨੀ ਵਿਚ ਭੀ ਦੇਖਿਆ, ਪਰ ਉਥੇ ਤਾਂ ਸ਼ੇਰਨੀ ਹੀ ਦਿਸੀ ਜਿਸ ਤੋਂ ਉਹ ਬੜੇ ਭੈਭੀਤ ਹੋਏ।

ਉਹਨਾਂ ਜਾ ਭਗਤ ਜੀ ਨੂੰ ਜਗਾਇਆ ਤੇ ਦਸਿਆ ਕਿ ਸੀਤਾ ਜੀ ਤਾਂ ਹੈ ਨਹੀਂ ਉਥੇ ਤਾਂ ਸ਼ੇਰਨੀ ਪਈ ਹੈ। ਪੀਪਾ ਜੀ ਹਸ ਪਏ ਤੇ ਕਹਿਣ ਲਗੇ ਸੀਤਾ ਜੀ ਨੇ ਕਿਥੇ ਜਾਣਾ ਹੈ। ਤੁਹਾਡੀਆਂ ਅੱਖਾਂ ਵਿਚ ਫ਼ਰਕ ਸੀ। ਨਾਲ ਉਠ ਕੇ ਗਏ ਤੇ ਆਵਾਜ਼ ਦਿਤੀ ਤਾਂ ਅਗੋਂ ਸੀਤਾ ਜੀ ਨੇ 'ਜੀ ਭਗਤ ਜੀ' ਦਾ ਉੱਤਰ ਦਿਤਾ। ਫਿਰ ਉਹ ਉਠ ਕੇ ਬਾਹਰ ਆਈ। ਸਾਧੂ ਬੜੇ ਹੈਰਾਨ ਹੋਏ। ਅੰਦਰੋਂ ਅੰਦਰੀ ਸ਼ਰਮਿੰਦੇ ਹੋਏ। ਪ੍ਰਭੂ ਨੂੰ ਆਪਣੇ ਭਗਤ ਸਦਾ ਹੀ ਪਿਆਰੇ ਹੁੰਦੇ ਹਨ ਤੇ ਜਿਥੇ ਜਿਥੇ ਭੀ ਉਹਨਾਂ ਤੇ ਔਕੜ ਆ ਜਾਏ ਫਿਰ ਕਹਿਣ ਦੀ ਲੋੜ ਨਹੀਂ ਆਪੇ ਆਣ ਸਹਾਈ ਹੁੰਦਾ ਹੈ। **"ਭਗਤਾਂ ਕਾ ਸਹਾਈ ਜੁਗਿ ਜੁਗਿ ਜਾਣਿਆ"**।

ਭਗਤ ਪੀਪਾ ਜੀ ਦਾ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕੇਵਲ ਇਕੋ ਹੀ ਸ਼ਬਦ ਹੈ।

ਕਾਯਉ ਦੇਵਾ ਕਾਇਅਉ ਦੇਵਲ,
ਕਾਇਅਉ ਜੰਗਮ ਜਾਤੀ॥
ਕਾਇਅਉ ਧੂਪ ਦੀਪ ਨਈ ਬੇਦਾ,
ਕਾਇਅਉ ਪੂਜਉ ਪਾਤੀ॥੧॥
ਕਾਇਆ ਬਹੁ ਖੰਡ ਖੋਜਤੇ, ਨਵ ਨਿਧਿ ਪਾਈ॥
ਨਾ ਕਛੁ ਆਇਬੋ ਨਾ ਕਛੁ ਜਾਇਬੋ
ਰਾਮ ਕੀ ਦੁਹਾਈ॥ ੧॥ ਰਹਾਉ॥
ਜੋ ਬ੍ਰਹਮੰਡੇ ਸੋਈ ਪਿੰਡੇ,
ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤ ਹੈ
ਸਤਿਗੁਰੁ ਹੋਇ ਲਖਾਵੈ॥੨॥੧॥

(ਧਨਾਸਰੀ ਪੀਪਾ ਜੀ ਪੰਨਾ ੬੯੫)

ਭਾਵ ਇਸ ਸ਼ਬਦ ਵਿਚ ਗੁਰਬਾਣੀ ਦੇ ਆਸ਼ੇ ਅਨੁਸਾਰ :—

ਕਾਇਆ ਅੰਦਰਿ ਸਭੁ ਕਿਛੁ ਵਸੈ
ਖੰਡ ਮੰਡਲ ਪਾਤਾਲਾ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ
ਸਭਨਾ ਕਰੇ ਪ੍ਰਤਿਪਾਲਾ॥

(ਸੂਹੀ ਮ: ੩ ਪੰਨਾ ੭੫੪)

ਇਸ ਕਾਇਆ ਵਿਚ ਹੀ ਸਭ ਕੁਛ ਹੈ ਅਤੇ ਲੋੜ ਹੈ ਤਾਂ ਗੁਰੂ ਦੀ ਕਿਰਪਾ ਨਾਲ ਖੋਜਨ ਦੀ। ਭਗਤ ਪੀਪਾ ਜੀ ਫੁਰਮਾਂਦੇ ਹਨ, ਕਾਇਆਂ ਅੰਦਰ ਹੀ ਮੇਰਾ ਪ੍ਰਭੂ ਹੈ, ਕਾਇਆਂ ਅੰਦਰ ਹੀ ਮੰਦਰ ਹੈ। ਇਸ਼ ਕਾਇਆਂ ਅੰਦਰ ਹੀ ਪ੍ਰਭੂ ਦਾ ਭੇਜਿਆ ਜੀਵ (ਜੰਗਮ=ਭਗਤ) ਰਹਿੰਦਾ ਹੈ ਤੇ ਇਸ ਕਾਇਆਂ ਨਗਰੀ ਦੀ ਯਾਤਰਾ ਕਰਦਾ ਹੈ। ਕਾਇਆਂ ਅੰਦਰ ਹਰੀ ਤੇ ਹਰੀ ਮੰਦਰ ਹੋਣ ਕਰਕੇ, ਮੈਂ ਉਸ ਪ੍ਰਭੂ ਦੀ ਇਸ ਕਾਇਆਂ ਅੰਦਰ ਹੀ ਧੂਪ, ਦੀਪ ਤੇ ਅਨਕ ਪ੍ਰਕਾਰੀ ਭੋਜਨਾਂ ਨਾਲ ਪੂਜਾ ਕਰਦਾ ਹਾਂ।

"ਸਭ ਕਿਛੁ ਘਰਿ ਮਹਿ ਬਾਹਰਿ ਨਾਹੀ" ਦੇ



www.AKJ.Org

ਫ਼ੁਰਮਾਨ ਅਨੁਸਾਰ ਪੀਪਾ ਜੀ ਫ਼ੁਰਮਾਂਦੇ ਹਨ ਕਿ ਵਾਹਿਗੁਰੂ ਜੀ ਨੂੰ ਬੇਅੰਤ ਖੰਡਾਂ ਵਿਚ ਭਾਲ ਭਾਲ ਕੇ ਆਖਰ ਕਾਇਆਂ ਵਿਚ ਪਾਇਆ ਤੇ ਹੁਣ ਇਹ ਗਿਆਨ ਹੋ ਗਿਆ ਹੈ, ਤੇ ਦੁਹਾਈ ਦੇ ਕੇ ਪਿਆ ਆਖਦਾ ਹਾਂ ਕਿ ਨਾ ਕੋਈ ਮਰਦਾ ਹੈ ਤੇ ਨਾ ਹੀ ਕੋਈ ਜੰਮਦਾ ਹੈ। ਤੇ ਜੋ ਬ੍ਰਹਮੰਡ ਵਿਚ ਵਿਆਪ ਰਿਹਾ ਹੈ, ਜਿੰਨਾ ਪਸਾਰਾ ਬ੍ਰਹਮੰਡ ਵਿਚ ਉਸ ਦਾ ਹੀ (replica) ਸਰੂਪ ਇਸ ਕਾਇਆਂ ਵਿਚ ਹੈ ਪਰ ਵੇਖ ਉਹੀ ਸਕਦਾ ਹੈ ਜੋ ਗੁਰੂ ਦੀ ਕ੍ਰਿਪਾ ਨਾਲ ਖੋਜਦਾ ਹੈ। ਜੇ ਸਤਿਗੁਰੂ ਮਿਲ ਜਾਏ (ਭਾਗਾਂ ਨਾਲ) ਤਾਂ ਉਹ ਪਰਮ ਪੁਰਖ ਪਰਮਾਤਮਾ ਦੇ ਦੀਦਾਰੇ ਇਸ ਕਾਇਆਂ ਅੰਦਰ ਹੀ ਕਰਾ ਦਿੰਦਾ ਹੈ।

ਇਸ ਸ਼ਬਦ ਦਾ ਸੰਦੇਸ਼ ਇਹ ਹੈ ਕਿ ਵਾਧੂ ਕਰਮਾਂ ਕਾਂਡਾਂ ਦੇ ਝਮੇਲਿਆਂ ਵਿਚ ਪੈਣ ਦੀ ਲੋੜ ਨਹੀਂ। ਸਤਿਗੁਰੂ ਦੀ ਭਾਲ ਕਰੋ ਤੇ ਕਮਾਈ ਕਰਕੇ ਉਸਦੀ ਕਿਰਪਾ ਦੇ ਪਾਤਰ ਬਣੋ ਤੇ ਕਾਇਆਂ ਅੰਦਰ ਪ੍ਰਭੂ ਪਰਮਾਤਮਾ ਦੇ ਦਰਸ਼ਨ ਕਰਕੇ ਜਨਮ ਸਫਲਾ ਕਰੋ। ਪੀਪਾ ਜੀ ਦਾ ਆਪਣਾ ਜੀਵਨ ਇਕ ਉੱਚੇ ਪ੍ਰੇਮਾ ਭਗਤੀ ਦੀ ਜੀਉਂਦੀ ਮਿਸਾਲ ਹੈ।

---

## ਜ਼ਰੂਰੀ ਸੂਚਨਾ

ਜਲੰਧਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਪੁਰਬ ਵਿਚ ਰੈਣ-ਸੁਬਾਈ ਦੇ ਭੋਗ ਤੋਂ ਬਾਅਦ ਲੰਗਰ ਸਾਹਿਬ ਵਿਚ ਇਕ ਕਿਤਾਬ (ਜਪੁ-ਨਿਹਣਯ ਰਚਿਤ ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ) ਜੋ ਕਿ ਇਕ ਲਫ਼ਾਫ਼ੇ ਵਿਚ ਸੀ ਗੁੰਮ ਹੋ ਗਈ ਹੈ। ਜਿਸ ਦੀ ਕੁਝ ਸੁਧਾਈ ਵੀ ਕੀਤੀ ਹੋਈ ਹੈ। ਜਿਸ ਸੱਜਣ ਨੂੰ ਮਿਲੀ ਹੋਵੇ ਉਹ ਮਿਹਰਬਾਨੀ ਕਰਕੇ ਦਫ਼ਤਰ "ਸੂਰਾ" 303 L ਮਾਡਲ ਟਾਊਨ ਜਲੰਧਰ ਵਿਚ ਭੇਜਣ ਦੀ ਕ੍ਰਿਪਾਲਤਾ ਕਰਨ।

—ਮੈਨੇਜਰ ਸੂਰਾ

---


## ਕਿਰਪਾਨਾਂ

ਸੁੰਦਰ ਤੇ ਮਜ਼ਬੂਤ ਸ੍ਰੀ ਸਾਹਿਬਾਂ (ਗਾਤਰੇ ਵਿਚ ਪਾਉਣ ਵਾਲੀਆਂ) ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ। ਮਿਆਨ ਸਰਬ ਲੋਹ ਯਾ ਪਿਤਲ ਦੀ ਸੁੰਦਰ ਵੇਲ ਵਾਲੇ ਮਿਲ ਸਕਦੇ ਹਨ।

ਇੰਦਰਜੀਤ ਸਿੰਘ,
ਕਿਰਪਾਨਾਂ ਵਾਲੇ
2 ਅਜੀਤ ਨਗਰ, ਅੰਮ੍ਰਿਤਸਰ,




www.AKJ.Org

# ਇਕ ਪੂਰਾ ਸਿੰਘ

ਸਲੋਕ ॥
ਕਬੀਰ ਸੇਵਾ ਕਉ ਦੁਇ ਭਲੇ, ਏਕ ਸੰਤੁ ਇਕੁ ਰਾਮ॥
ਰਾਮ ਜੁ ਦਾਤਾ ਮੁਕਤਿ ਕੋ, ਸੰਤ ਜਪਾਵੈ ਰਾਮ ॥

ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਸੁਖਮਨੀ ਸਾਹਿਬ ਦੀ ਸਤਵੀਂ ਅਸ਼ਟਪਦੀ ਵਿਚ ਬ੍ਰਹਮ ਗਿਆਨੀ ਦੀ ਬਹੁਤ ਉਸਤਤੀ ਵਰਨਣ ਕੀਤੀ ਹੈ। ਇਕ ਦਿਨ ਸੁਖਮਨੀ ਸਾਹਿਬ ਦਾ ਪਾਠ ਸੁਣਨ ਮਗਰੋਂ ਕਲਗੀਧਰ ਜੀ ਦੇ ਮਹਲਾਂ ਨੇ ਗੁਰੂ ਗਰੀਬ ਨਿਵਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸਾਨੂੰ ਕਿਸੇ ਬ੍ਰਹਮ ਗਿਆਨੀ ਸਿੱਖ ਦੇ ਦਰਸ਼ਨ ਕਰਵਾਉ। ਸ੍ਰੀ ਗੁਰੂ ਜੀ ਨੇ ਕਿਹਾ ਆਪ ਪਹਿਲਾਂ ਬ੍ਰਹਮ ਨੂੰ ਪਛਾਨਣ ਵਾਲੇ ਸਿਖ ਲਈ ਲੰਗਰ ਤਿਆਰ ਕਰੋ, ਫਿਰ ਆਪ ਨੂੰ ਐਸੇ ਮਹਾਂ ਪੁਰਖ ਦੇ ਦਰਸ਼ਨ ਪ੍ਰਾਪਤ ਹੋ ਜਾਣਗੇ।

ਮਹਲਾਂ ਨੇ ਬੜੇ ਪਰੇਮ ਨਾਲ ਲੰਗਰ ਤਿਆਰ ਕੀਤਾ। ਤਿਆਰ ਹੋਣ ਤੇ ਸ੍ਰੀ ਹਜ਼ੂਰ ਜੀ ਨੂੰ ਬੇਨਤੀ ਕੀਤੀ, ਮਹਾਰਾਜ ਲੰਗਰ ਹਾਜਰ ਹੈ। ਸੱਚੇ ਪਾਤਸ਼ਾਹ ਜੀ ਨੇ ਅੰਤਰਆਤਮੇ ਬ੍ਰਹਮ ਗਿਆਨੀ ਬਾਬਾ ਰਾਮ ਕੌਇਰ ਜੀ (ਜਿਨ੍ਹਾਂ ਦਾ ਨਾਮ ਅੰਮ੍ਰਿਤਪਾਨ ਕਰਨ ਮਗਰੋਂ ਬਾਬਾ ਗੁਰਬਖਸ਼ ਸਿੰਘ ਜੀ ਹੋਇਆ) ਨੂੰ ਯਾਦ ਕੀਤਾ। ਆਪ ਰਾਮਦਾਸ ਚੱਕ (ਜੋ ਸ੍ਰੀ ਅੰਮ੍ਰਿਤਸਰ ਦੇ ਲਾਗੇ ਸੀ) ਤੋਂ ਆਪਣੀ ਆਤਮ ਸ਼ਕਤੀ ਨਾਲ ਸ੍ਰੀ ਆਨੰਦਪੁਰ ਸਾਹਿਬ ਸ੍ਰੀ ਸਤਿਗੁਰ ਜੀ ਦੇ ਚਰਨਾਂ ਵਿਚ ਆ ਹਾਜ਼ਰ ਹੋਏ।

ਬਾਬਾ ਜੀ ਨੂੰ ਖਿਕ ਸੁੰਦਰ ਚੌਂਕੀ ਤੇ ਬਿਠਾਇਆ ਗਿਆਅਤੇ ਪ੍ਰਸਾਦ ਥਾਲ ਵਿਚ ਪ੍ਰੋਸ ਕੇ ਅਗੇ ਰਖਿਆ। ਬਾਬਾ ਜੀ ਨੇ ਅਕਾਲ ਪੁਰਖ ਅੱਗੇ ਨਮਸਕਾਰ ਕਰਕੇ ਲੰਗਰ ਛਕਣਾ ਅਰੰਭ ਦਿਤਾ। ਮਹਿਲ ਖਾਣ ਵਾਲੀਆਂ ਚੀਜ਼ਾਂ ਥਾਲ ਵਿਚ ਰੱਖੀ ਜਾਣ, ਤੇ ਬਾਬਾ ਜੀ ਛੇਤੀ ਛੇਤੀ ਸਮੇਟੀ ਜਾਣ ਇਸ ਤਰ੍ਹਾਂ ਕਰਦਿਆਂ ਜਦੋਂ ਕਾਫ਼ੀ ਸਮਾਂ ਲੰਘ ਗਿਆ ਤਾਂ ਮਹਲ ਹੈਰਾਨ ਹੋ ਗਏ ਅਤੇ ਮਹਾਰਾਜ ਨੂੰ ਕਹਿਣ ਲੱਗੇ ਕਿ ਅਸੀਂ ਤਾਂ ਆਪ ਜੀ ਨੂੰ ਬੇਨਤੀ ਕੀਤੀ ਸੀ ਕਿ ਸਾਨੂੰ ਕਿਸੇ ਬ੍ਰਹਮ ਗਿਆਨੀ ਦੇ ਦਰਸ਼ਨ ਕਰਾਉ ਆਪ ਜੀ ਨੇ ਤਾਂ ਕੋਈ ਐਸਾ ਮਨੁੱਖ ਬੁਲਾਇਆ ਹੈ ਜੋ ਖਾਈ ਜਾਂਦਾ ਹੈ ਅਤੇ ਤ੍ਰਿਪਤ ਨਹੀਂ ਹੁੰਦਾ। ਹਜ਼ੂਰ ਨੇ ਫੁਰਮਾਇਆ ਕਿ ਇਹ ਆਮ ਪੁਰਖ ਨਹੀਂ ਇਹ ਬ੍ਰਹਮ ਗਿਆਨੀ ਹਨ। ਇਹਨਾਂ ਦੇ ਮੁਖ ਅਤੇ ਮਨ ਵਿਚ ਅਠੋ ਪਹਿਰ ਅਕਾਲ ਪੁਰਖ ਦੇ ਸੱਚੇ ਨਾਮ ਦਾ ਨਿਵਾਸ ਹੈ ਅਤੇ ਇਹਨਾਂ ਨੂੰ ਸ੍ਰਿਸ਼ਟੀ ਵਿਚ ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਵਿਖਾਈ ਨਹੀਂ ਦਿੰਦਾ। ਆਪ ਇਨ੍ਹਾਂ ਨੂੰ ਕਹੋ ਕਿ ਬਾਬਾ ਜੀ ਹੁਣ ਅਕਾਲ ਪੁਰਖ ਤ੍ਰਿਪਤ ਹੋ ਗਏ ਹਨ ਤਾਂ ਇਹ ਭੀ ਰੱਜ ਜਾਣਗੇ। ਮਹਲਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਹੁਣ ਅਕਾਲ ਪੁਰਖ ਜੀ ਤ੍ਰਿਪਤ ਹੋ ਗਏ ਹਨ ਤਾਂ ਬਾਬਾ ਜੀ ਨੇ ਕਿਹਾ ਹਾਂ ਹੁਣ ਮੈਂ ਵੀ ਆਨੰਦ ਹੋ ਗਿਆ ਹਾਂ। ਹੱਥ ਧੁਆਉ ਅਤੇ ਚੂਲਾ ਕਰਾਉ। ਚੂਲਾ ਕਰਕੇ ਬਾਬਾ ਜੀ ਨੇ ਅਕਾਲ ਪੁਰਖ ਦਾ ਸ਼ੁਕਰ ਕੀਤਾ ਅਤੇ ਮਹਲਾਂ ਨੂੰ ਬਹੁਤ ਅਸੀਸਾਂ ਦਿੱਤੀਆਂ।

ਮਹਾਰਾਜ ਨੇ ਫਿਰ ਮਹਲਾਂ ਨੂੰ ਕਿਹਾ ਕਿ ਜਿਸ



www.AKJ.Org

ਖੀਰ ਦੇ ਕਈ ਛੰਨੇ (ਕਾਂਸੀ ਦੇ ਵੱਡੇ ਕਟੋਰੇ ) ਬਾਬਾ ਜੀ ਛੱਕ ਗਏ ਸਨ, ਤੁਸੀਂ ਵੀ ਖਾ ਕੇ ਵੇਖੋ । ਜਦ ਮਹਲਾਂ ਨੇ ਖੀਰ ਮੂੰਹ ਵਿਚ ਪਾਈ ਤਾਂ ਉਸ ਵਿਚ ਬਹੁਤ ਲੂਣ ਸੀ। ਜੋ ਖੰਡ ਦੇ ਭੁਲੇਖੇ ਖੀਰ ਵਿਚ ਪਾ ਦਿਤਾ ਸੀ, ਉਹ ਖੀਰ ਦੀ ਦੂਸਰੀ ਗਰਾਹੀ ਮੂੰ ਵਿਚ ਨਾ ਪਾ ਸਕੇ । ਮਹੱਲਾਂ ਨੂੰ ਪੂਰਨ ਨਿਸਚਾ ਹੋ ਗਿਆ ਕਿ ਬਾਬਾ ਜੀ ਬ੍ਰਹਮ ਗਿਆਨੀ ਹਨ ਜਿਸ ਖੀਰ ਦੀ ਉਹ ਇਕ ਗਰਾਹੀ ਨਹੀਂ ਖਾ ਸਕਦੇ ਸਨ, ਬਾਬਾ ਜੀ ਉਸ ਦੇ ਛੰਨੇ ਦੇ ਛੰਨੇ ਆਨੰਦ ਨਾਲ ਛਕੀ ਗਏ ।

ਦਸਾਂ ਪਾਤਸ਼ਾਹੀਆਂ ਦੇ ਸਮੇਂ ਵੀ ਬ੍ਰਹਮ ਗਿਆਨੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਬਾਬਾ ਬੁੱਢਾ ਜੀ, ਭਾ: ਭਗੀਰਥ ਜੀ, ਭਾ: ਮਨਸੁਖ ਜੀ ਆਦਿ ਸਨ । ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਪਹਿਲੀਆਂ ਪਾਤਸ਼ਾਹੀਆਂ ਦੇ ਸਮੇਂ ਹੋਏ ਪੂਰਨ ਪੁਰਖਾਂ ਦੇ ਨਾਮ ਦਿਤੇ ਹਨ । ਸਤਿਗੁਰੂ ਜੀ ਦਸੋਂ ਜਾਮੇ ਧਾਰ ਕੇ ਆਏ ਹੀ ਜੀਆ ਦਾਨ ਬਖਸ਼ਨ ਲਈ ਸਨ। ਮਨੁਸ਼ਾਂ ਨੂੰ ਬ੍ਰਹਮ ਦਾ ਗਿਆਨ ਬਖਸ਼ ਕੇ ਬ੍ਰਹਮ ਨਾਲ ਅਭੇਦ ਕਰਨ ਹਿਤ ਹੀ ਪ੍ਰਗਟੇ ਸਨ ।

ਇਹ ਪ੍ਰਪਾਟੀ ਦਸਾਂ ਜੋਤਾਂ ਮਗਰੋਂ ਵੀ ਚਲਦੀ ਰਹੀ ਅਤੇ ਚਲ ਰਹੀ ਹੈ । ਇਹ ਬ੍ਰਹਮ ਗਿਆਨੀ ਦਾ ਬੀਜ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਕਮਾਈ ਵਾਲੇ ਪੰਜ ਪਿਆਰਿਆਂ ਰਾਹੀਂ ਪ੍ਰਾਪਤ ਹੁੰਦਾ ਹੈ ਅਤੇ ਫਿਰ ਆਪਣੀ ਅਤੁਟ ਕਮਾਈ ਅਤੇ ਅਕਾਲ ਪੁਰਖ ਦੀ ਨਦਰ ਰਾਹੀਂ ਫਲਦਾ ਫੁਲਦਾ ਹੈ ।

ਹੁਣ ਵੀ ਅਨੇਕਾਂ ਪਾਕ ਰੂਹਾਂ ਹਨ ਜਿਨ੍ਹਾਂ ਤੇ ਸੱਚੇ ਪਾਤਸ਼ਾਹ ਜੀ ਦੀ ਅਪਾਰ ਕਿਰਪਾ ਹੈ ਅਤੇ ਉਹਨਾਂ ਦੀ ਦਸ਼ਾ ਹੇਠ ਲਿਖੇ ਸਲੋਕ ਵਿਚ ਦਰਸਾਈ ਹੋਈ ਵਰਤਦੀ ਹੈ :—

"ਮਨਿ ਸਾਚਾ, ਮੁਖਿ ਸਾਚਾ ਸੋਇ ।
ਅਵਰ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ।"

ਮਾਲਵੇ ਦੇ ਇਲਾਕੇ ਵਿੱਚ ਵਿਚ ਵੀ ਇਕ ਪੂਰੇ ਸਿੱਖ ਹੋਏ ਹਨ। ਜਿਹਨਾਂ ਦੇ ਨਾਮ ਤੋਂ ਸਾਰੇ ਪ੍ਰਮਾਰਥਕ ਜਗਿਆਸੂ ਜਾਣੂ ਹਨ । ਇਹਨਾਂ ਦੇ ਦਰਸ਼ਨ ਸੁੰਦਰ, ਮਾਇਆ ਤੋਂ ਕਮਲ ਫੁਲ ਵਾਂਗ ਨਿਰਲੇਪ, ਸਭ ਨਾਲ ਪਰੇਮ, ਬ੍ਰਿਤੀ ਦਾ ਸਦਾ ਨਿਵਾਸ ਸ਼ਾਂਤੀ ਅਤੇ ਗਰੀਬੀ ਵਿਚ, ਸਦਾ ਨਾਮ ਬਾਣੀ ਦੇ ਰਸ ਵਿਚ ਮਸਤ, ਮੁਖੜਾ ਕਸ਼ਮੀਰੀ ਸੇਬ ਵਾਂਗ ਲਾਲ, ਮੱਥਾ ਸਦਾ ਖੇੜੇ ਵਿਚ, ਕੱਦ ਛੇ ਫੁਟ ਤੋਂ ਉਚਾ, ਇਨ੍ਹਾਂ ਦੀ ਆਤਮਗਤੀ ਦਸਣ ਤੋਂ ਬਾਹਰ; ਇਨ੍ਹਾਂ ਦੇ ਨੇਣ ਰੱਸ ਭਿੰਨੇ ਜਿਨ੍ਹਾਂ ਤੋਂ ਸਦਾ ਆਤਮ ਰਸ ਫੁਹਾਰ ਪੈਂਦੀ ਸੀ, ਬੋਲ ਮਿੱਠੇ ਜਿਹਨਾਂ ਨੂੰ ਸੁਣਕੇ ਮਨ ਮੋਹਿਆ ਜਾਂਦਾ ਸੀ ਅਤੇ ਪਿੰਗਲਾ ਹੋ ਕੇ ਚਰਨ ਕੰਵਲਾਂ ਵਿੱਚ ਜੁੜ ਜਾਂਦਾ ਸੀ। ਇਹ ਰਸ ਦੀ ਖਾਨ ਸਨ ਜਿਸ ਤੋਂ ਅਣਗਿਣਤ ਸੰਗਤ ਨੇ ਲਾਭ ਪ੍ਰਾਤਤ ਕੀਤਾ । ਇਨ੍ਹਾਂ ਦੀ ਆਵਾਜ਼ ਬਹੁਤ ਰਸੀਲੀ ਅਤੇ ਬਲੰਦ ਸੀ ਜੋ ਕੀਰਤਨ ਕਰਦਿਆਂ ਬਿਨਾ ਲਾਊਡ ਸਪੀਕਰ ਦੇ ਦੋ ਦੋ ਮੀਲ ਤਕ ਸੁਣਾਈ ਦਿੰਦੀ ਸੀ । ਇਹਨਾਂ ਦਾ ਨਾਮ ਵੀ ਸੁੰਦਰ ਅਤੇ ਗੁਣ ਵੀ ਨਾਮ ਅਨੁਸਾਰ ਸਨ। ਇਹ ਸਨ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਅਤੇ ਇਹਨਾਂ ਤੋਂ ਸਿਖੀ ਵੀ ਅਤਰ ਵਾਂਗ ਫੈਲੀ ।

ਇਨ੍ਹਾਂ ਦੀ ਜਨਮ ਭੂਮੀ ਚੀਮਾ ਪਿੰਡ ਸੀ, ਜੋ ਅੱਜ ਕਲ ਪਟਿਆਲੇ ਤੋਂ ਮਾਨਸਾ ਨੂੰ ਜਾਣ ਵਾਲੀ ਸੜਕ ਤੇ ਹੈ । ਇਹ ਸੁਨਾਮ ਤੋਂ ੮ ਮੀਲ ਅਤੇ ਭਿਖੀ ਅਤੇ ਲੌਂਗੋਵਾਲ ਤੋਂ ੭ ਮੀਲ, ਮਸਤੂਆਣਾ ਤੋਂ ੧੫ ਮੀਲ ਤੇ ਹੈ । ਇਸ ਨਗਰੀ ਨੂੰ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ ਛੁਹ ਵੀ ਪ੍ਰਾਪਤ ਹੋਈ ।



www.AKJ.Org

# ਸਿੱਖ ਆਚਰਣ ਦੀ ਝਾਕੀ

—ਬੀਬੀ ਸੁਰਜੀਤ ਕੌਰ ਵੈਸਟ ਪਟੇਲ ਨਗਰ ਨਵੀਂ ਦਿੱਲੀ

ਫਾਰੈਸਟਰ ਇਕ ਥਾਂ ਲਿਖਦਾ ਹੈ ਮੈਂ ਇਕ ਸਿੱਖ ਸਿਪਾਹੀ ਨੂੰ ਪੁਛਿਆ ਤੇਰਾ ਮਾਲਕ ਸਰਦਾਰ ਕੌਣ ਹੈ ?" ਤਾਂ ਉਸ ਉਤਰ ਦਿਤਾ "ਸਿਵਾਇ ਗੁਰੂ ਦੇ ਅਸੀਂ ਨਹੀਂ ਕਿਸੇ ਨੂੰ ਮੜਾ ਮਾਲਕ ਮੰਨਦੇ।" ਮੈਂ ਆਪ ਹੀ ਸਰਦਾਰ ਆਪ ਹੀ ਸਿਪਾਹੀ ਆਪ ਹੀ ਕਮਾਂਡਰ ਹਾਂ। ਇਹ ਸੁਤੰਤਰਤਾ ਦੀ ਹਦ ਹੈ। ਗੁਰੂ ਜੀ ਨੇ ਸਿਖ ਆਦਰਸ਼ ਕਾਇਮ ਕੀਤਾ ਸੀ। ਉਸ ਵਿਚ ਇਹ ਜਰੂਰੀ ਗਲ ਸੀ ਕਿ ਸਿਖ ਅਮਨ ਦੇ ਸਮੇਂ ਵਿਚ ਭਾਈ ਬਣ ਕੇ ਸਭ ਦਾ ਭਲਾ ਕਰੇ ਤੇ ਲੜਾਈ ਦੇ ਮੌਕੇ ਸਰਦਾਰ ਬਣ ਕੇ ਅਗੇ ਹੋ ਕੇ ਲੜੇ। ਕਨਿੰਘਮ ਲਿਖਦਾ ਹੈ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਸ਼ਸਤਰਾਂ ਦੇ ਖੜਾਕ ਤੋਂ ਕਦੀ ਵੀ ਨਹੀਂ ਡਰਦਾ। ਇਹ ਇਕ ਵੀ ਸਵਾ ਲਖੀ ਤਾਕਤ ਰਖਦਾ ਹੈ। ਖਾਲਸਾ ਬਰਾਦਰੀ ਦਾ ਅਸਲੀ ਭਾਈਵਾਲ ਉਹੋ ਸਮਝਿਆ ਜਾਂਦਾ ਸੀ ਜੋ ਖਾਲਸੇ ਦੀ ਸਫ਼ ਵਿਚ ਸਭ ਤੋਂ ਅਗੇ ਹੋ ਕੇ ਲੜੇ। ਤਾਰੀਖੇ ਹੁਸੈਨ ਸਾਹੀ ਦਾ ਲੇਖਕ ਲਿਖਦਾ ਹੈ—ਸਿੰਧ ਤੋਂ ਜਮਨਾ ਤੀਕਰ ਸਿਖ ਕੌਮ ਦੇ ਹਜ਼ਾਰਾਂ ਸਰਦਾਰ ਸਨ। ਜਿਸ ਕੋਲ ਤਿੰਨ ਘੋੜੇ ਸਨ ਉਹ ਵੀ ਸਰਦਾਰ ਸਮਝਿਆ ਜਾਂਦਾ ਸੀ। ਸਿੱਖੀ ਅਦਰਸ਼ਾਂ ਲਈ ਗੁਰੂ ਗੋਬਿੰਦ ਸਿੰਘ ਜੀ ਮਗਰੋਂ ਸਿੱਖ ੬੦—੭੦ ਵਰ੍ਹੇ ਲੜਦੇ ਰਹੇ। ਸਾਂਝੇ ਦੁਸ਼ਮਨ ਵਿਰੁਧ ਸੰਗਰਾਮ ਮਚਾਉਂਦੇ ਰਹੇ। ਪਰ ਹੁਣ ਪੁਰਾਣਾ ਸਿੰਘ ਆਚਰਣ ਘਟ ਰਿਹਾ ਹੈ। ਸਿੱਖ ਇਤਹਾਸ ਦਸਦਾ ਹੈ ਕਿ ਅਕਤੂਬਰ ੧੭੯੮ ਈ: ਵਿਚ ਸ਼ਾਹਜ਼ਮਾਨ ਚੌਥੀ ਵਾਰ ਹਮਲਾ ਕਰ ਕੇ ਆਇਆ। ਉਸਦੇ ਪਾਸ ੬੦ ਹਜ਼ਾਰ ਫ਼ੌਜ ਤੇ ੩੫ ਤੋਪਾਂ ਸਨ। ਸ਼ਾਹਜ਼ਮਾਨ ਨੇ ਆਪਣੇ ਫੌਜਦਾਰ ਅਹਿਮਦ ਖਾਂ ਨੂੰ ਗਸ਼ਤੀ ਦਸਤੇ ਦੇ ਕੇ ਸਿਆਲਕੋਟ ਵਲ ਘਲਿਆ। ਇਸ ਜ਼ਾਲਮ ਨੇ ਕਾਫ਼ੀ ਸਿੱਖ, ਇਸਤਰੀਆਂ ਨੂੰ ਗ੍ਰਿਫਤਾਰ ਕਰ ਲਿਆ, ਕਾਫ਼ੀ ਸਿੱਖਾਂ ਦੇ ਬੱਚੇ ਫੜੇ ਗਏ ਜਿਨ੍ਹਾਂ ਨੂੰ ਬਾਬਾ ਰਾਮ ਸਿੰਘ ਬੇਦੀ ਕੋਟਲੀ ਵਾਲਿਆਂ ਨੇ ਜੰਡੂ ਗੁਰਾਇਆ ਦੀ ਜੂਹ ਘਸਮਾਨ ਦਾ ਯੁਧ ਮਚਾ ਕੇ ਛੁਡਾਇਆ। ਪਰ ਸ਼ਾਹਜ਼ਮਾਨ ਦਿਲੀ ਨੂੰ ਮਾਰਨਾ ਚਹੁੰਦਾ ਸੀ ਪਰ ਸਿਖਾਂ ਦੇ ਹੜ੍ਹ ਅਗੇ ਉਾ ਦੀ ਪੇਸ਼ ਨਾ ਗਈ। ਉਸ ਨੇ ਸਮਝੌਤੇ ਲਈ ਵੀ ਤਰਲੇ ਲਏ ਪਰ ਸਿੰਘ ਨਾ ਮੰਨੇ। ਅਖੀਰ ਉਹ ਅਹਿਮਦ ਖਾਂ ਸ਼ਹਾਨਚੀ ਨੂੰ ਰੁਹਤਾਸ ਦਾ ਕਿਲ੍ਹਾ ਦਿਵਾ ਕੇ ਜੇਹਲਮ ਤੋਂ ਅਟਕ ਤਕ ਦੇ ਇਲਾਕੇ ਦਾ ਹਾਕਮ ਥਾਪ ਕੇ, ਕਾਬਲ ਨੂੰ ਮੁੜ ਪਿਆ। ਸਿੰਘ ਆਪਣੇ ਦੇਸ਼ ਵਿਚ ਬਦੇਸ਼ੀ ਜਰਵਾਣੇ ਦੇ ਪੈਰ ਪਏ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਉਹਨਾਂ ਬਾਰ ਬਾਰ ਛਾਪੇ ਮਾਰ ਕੇ ਸ਼ਾਹਜ਼ਮਾਨ ਨੂੰ ਪਰੇਸ਼ਾਨ ਕਰ ਦਿਤਾ। ਇਕ ਵਾਰ ਰਣਜੀਤ ਸਿੰਘ ਆਪਣਾ ਫੌਜੀ ਦਸਤਾ ਲੈ ਕੇ ਲਾਹੌਰ ਸੰਮਨ ਬੁਰਜ ਤਕ ਆ ਪਹੁੰਚਾ ਤੇ ਉਚੀ ਅਵਾਜ਼ ਦਿਤੀ—"ਅਹਿਮਦ ਸ਼ਾਹ ਦੇ ਪੋਤੇ ਆ ਬੁਰਜ ਤੋਂ ਥਲੇ ਉਤਰ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਦੇ ਚਾਰ ਹਥ ਵੇਖ।"

"ਐ ਨੱਬੀ ਰਾਇ ਅਹਿਮਦ ਸ਼ਾਹ ! ਬਾਨਬੀ ਰਾਇ



www.AKJ.Org

ਆਪ ਜੀ ਦੇ ਪਿਤਾ ਦਾ ਨਾਮ ਕਰਮ ਸਿੰਘ ਜੀ ਅਤੇ ਮਾਤਾ ਜੀ ਦਾ ਨਾਮ ਭੋਲੀ ਜੀ ਸੀ। ਇਸ ਦੰਪਤੀ ਦੇ ਗ੍ਰਹਿ ਪਹਿਲਾਂ ਇਕ ਬੀਬੀ ਰਤਨ ਕੌਰ ਜਨਮੀ । ਇਹ ਬੀਬੀ ਖਾਸੀ ਵੱਡੀ ਹੋ ਗਈ ਤਾਂ ਜੋੜੀ ਦੇ ਮਨ ਵਿੱਚ ਪੁਤਰ ਦੀ ਚਾਹ ਉਤਪਨ ਹੋਈ। ਹਰ ਵੇਲੇ ਦੰਪਤੀ ਨੂੰ ਪੁਤਰ ਦੀ ਆਸਾ ਰਹੇ।

ਇਕ ਦਿਨ ਸਵੇਰੇ ਮੂੰਹ ਹਨੇਰੇ (ਬਾਬਾ) ਕਰਮ ਸਿੰਘ ਜੀ ਘਰੋਂ ਬੇਲਾਂ ਦੀ ਜੋੜੀ ਖੋਲ੍ਹ ਖੇਤ ਵਾਹੁਣ ਚਲੇ। ਜਦੋਂ ਪਿੰਡ ਤੋਂ ਬਾਹਰ ਆਏ ਤਾਂ ਉਹਨਾਂ ਨੂੰ ਇਕ ਸਾਧੂ ਮਿਲਿਆ, ਜੋ ਵਾੜ ਕੋਲ ਖੜਾ ਸੀ। (ਬਾਬਾ) ਕਰਮ ਸਿੰਘ ਜੀ ਨੇ ਜਿਸ ਸਮੇਂ ਸਾਧੂ ਜੀ ਦਾ ਦਰਸਨ ਕੀਤਾ ਤਾਂ ਜੁੱਤੀ ਲਾਹ ਦਿੱਤੀ, ਬੈਲਾਂ ਨੂੰ ਖੜਾ ਕੀਤਾ. ਬਹੁਤ ਨਿਮਰਤਾ ਅਤੇ ਪਰੇਮ ਨਾਲ ਹੱਥ ਜੋੜੇ, ਆਪਣਾ ਮਸਤਕ ਸਾਧੂ ਜੀ ਦੇ ਚਰਨਾਂ ਤੇ ਰੱਖਿਆ ਨਮਸਕਾਰ ਕਰਕੇ ਸਾਧੂ ਜੀ ਅਗੇ ਖਲੋ ਗਿਆ। ਸਾਧੂ ਬਹੁਤ ਖੁਸ਼ ਹੋਏ, ਹੱਸੇ ਅਤੇ ਕਿਹਾ, ਕਰਮ ਸਿੰਘਾ ਅੱਜ ਤੇਰੀ ਭਵਾਨੀ ਨੂੰ ਫਲ ਲਗਾ ਹੈ। ਇਹ ਸ਼ੀਸ਼ੀ ਲੈ ਜੋ ਜਲ ਨਾਲ ਭਰੀ ਸੀ, ਘਰ ਜਾ ਕੇ ਸੰਭਾਲ ਕੇ ਰਖ ਲੈ। ਜਿਸ ਦਿਨ ਤੇਰੇ ਘਰ ਇਕ ਵੱਡਾ ਬਲਵਾਨ ਤੇਜਵਾਨ ਭੁਝੰਗੀ ਜੰਮੇਗਾ ਤਾਂ ਇਹ ਸਾਡੀ ਅਮਾਨਤ ਸਾਨੂੰ ਇਸ ਥਾਂ ਹੀ ਵਾਪਸ ਕਰ ਜਾਵੀਂ। (ਬਾਬਾ) ਕਰਮ ਸਿੰਘ ਜੀ ਦੀ ਖੁਸ਼ੀ ਦੀ ਸੀਮਾਂ ਨ ਰਹੀ। ਸਾਧੂ ਜੀ ਦੇ ਚਰਨਾਂ ਤੇ ਫਿਰ ਪੂਰੇ ਸਤਿਕਾਰ ਨਾਲ ਨਮਸ਼ਕਾਰ ਕੀਤੀ, ਬੈਲਾਂ ਨੂੰ ਉਥੇ ਹੀ ਛੱਡ ਛੇਤੀ ਛੇਤੀ ਘਰ ਮੁੜ ਆਏ। ਸੀਸ਼ੀ ਆਪਣੀ ਧਰਮ ਪਤਨੀ ਨੂੰ ਦੇ ਕੇ ਸਾਧੂ ਦੇ ਬਚਨ ਸੁਣਾਏ। ਮਾਤਾ ਭੋਲੀ ਜੀ ਵੀ ਇਹ ਅਸੀਸ ਸੁਣ ਬਹੁਤ ਨਿਹਾਲ ਹੋਏ ਅਤੇ ਸ਼ੀਸ਼ੀ ਨੂੰ ਸੰਭਾਲ ਕੇ ਰੱਖ ਲਿਆ।

ਕੁਝ ਸਮਾ ਪਾ ਕੇ ਇਹਨਾਂ ਦੇ ਘਰ ੧੯੨੩ ਬਿਕ੍ਰਮੀ ਦਿਨ ਬੁੱਧਵਾਰ, ਚੇਤ ਸੁਦੀ ਏਕਮ ਨੂੰ ਢਾਈ ਘੜੀ ਰਾਤ ਗਈ ਇਕ ਬੱਚੇ ਨੇ ਜਨਮ ਲਿਆ। ਬਾਬਾ ਜੀ ਨੂੰ ਸਾਧੂ ਦੇ ਬਚਨ ਅਤੇ ਉਨ੍ਹਾਂ ਦੀ ਅਮਾਨਤ ਯਾਦ ਆਈ। ਮੂੰਹ ਹਨੇਰੇ ਸ਼ੀਸ਼ੀ ਲੈ ਕੇ ਪਿੰਡ ਤੋਂ ਬਾਹਰ ਆਏ ਤਾਂ ਸਾਧੂ ਜੀ ਉਸੇ ਥਾਂ ਵਾੜ ਪਾਸ ਖਲੋਤੇ ਸਨ। ਬਾਬਾ ਕਰਮ ਸਿੰਘ ਜੀ ਨੇ ਫਿਰ ਦੂਰੋਂ ਹੀ ਜੁੱਤੀ ਲਾਹ, ਭੱਜਕੇ ਸਾਧੂ ਜੀ ਦੇ ਚਰਨਾਂ ਨੂੰ ਲਿਪਟ ਗਏ ਸਾਧੂ ਜੀ ਨੂੰ ਉਹਨਾਂ ਦੀ ਅਮਾਨਤ (ਸ਼ੀਸ਼ੀ) ਵਾਪਸ ਕੀਤੀ ।

ਸਾਧੂ ਤਾਂ ਸ਼ੀਸ਼ੀ ਫੜਕੇ ਅਲੋਪ ਹੋ ਗਏ। ਇਹ ਅਚਰਜ ਕੌਤਕ ਹੋਇਆ। ਸਾਧੂ ਕੋਈ ਪਹੁੰਚੀ ਹੋਈ ਆਤਮਾ ਸੀ ਜਿਸ ਨੂੰ ਪਤਾ ਲਗ ਗਿਆ ਸੀ ਕਿ ਮਾਤਾ ਭੋਲੀ ਦੀ ਕੁਖੋਂ ਇਕ ਅਨਮੋਲ ਹੀਰਾ ਉਤਪੰਨ ਹੋਵੇਗਾ ਜਿਸ ਦੀ ਸੋਭਾ ਕੋਹਨੂਰ ਵਾਂਗੂੰ ਸਾਰੇ ਸੰਸਾਰ ਵਿੱਚ ਫੈਲੇਗੀ। ਫਿਰ ਜਿਸ ਰਾਤ ਇਹ ਮਹਾਂ ੋਤੀ ਪ੍ਰਗਟੀ ਤਾਂ ਸਾਧੂ ਜੀ ਫਿਰ ਚੀਮਾ ਪਿੰਡ ਹਾਜ਼ਰ ਹੋ ਨਮਸਕਾਰ ਕਰਨ ਆਏ। ਇਹ ਕੌਤਕ ਉਸ ਤਰ੍ਹਾਂ ਦਾ ਹੀ ਜਾਪਦਾ ਹੈ ਕਿ ਜਿਸ ਰਾਤ ਪਟਨੇ ਸ਼ਹਿਰ ਵਿਖੇ ਦਸਵੇਂ ਅਵਤਾਰ ਨੇ ਭਵ (ਜਨਮ) ਲਿਆ ਸੀ ਤਾਂ ਸੈਂਕੜੇ ਮੀਲ ਦੂਰ ਪੰਜਾਬ ਤੇ ਘੜਾਮ ਨਗਰ ਵਿੱਚ ਭੀਖਣ ਸ਼ਾਹ ਫਕੀਰ ਨੇ ਪੱਛਮੀ ਦੀ ਥਾਂ ਪੂਰਬ ਵੱਲ ਸਿਜਦਾ ਕੀਤਾ ਸੀ ਅਤੇ ਵਾਹੋ ਦਾਹ ਚਲ ਕੇ ਪਟਨਾ ਸ਼ਹਿਰ ਵਿਖੇ ਮੋਰਚਾ ਲਾ ਕੇ ਦੀਦਾਰੇ ਕਰਕੇ ਆਪਣਾ ਜਨਮ ਸਫਲਾ ਕੀਤਾ ਅਤੇ ਆਪਣੀ ਨਾ ਭੁੱਲਣੇ ਵਾਲੀ ਯਾਦ ਪ੍ਰੇਮੀ ਸਿੱਖਾਂ ਦੇ ਹਿਰਦੀਆਂ ਵਿੱਚ ਸਦਾ ਲਈ ਉਕਰ ਦਿੱਤੀ।

ਅਗਲੇ ਪਰਚਿਆਂ ਵਿਚ ਇਸ ਪੂਰੇ ਸਿੱਖ ਦੇ ਜੀਵਨ ਦੇ ਮੋਟੇ ਮੋਟੇ ਕਾਰਨਾਮੇ ਦੱਸਣ ਦਾ ਨਿਮਾਣਾ ਯਤਨ ਕੀਤਾ ਜਾਵੇਗਾ।

———



www.AKJ.Org

ਸਰਦਾਰ ਜੂਲ ਇਕਤਦਾਰ ਵਲ ਸ਼ੌਕਤ ਚੜਤ ਸਿੰਘ_ ਆਮਦਹ, ਦੋ ਸੇਹ ਦਸਤ ਮਰਦਾਨਾ ਬਾਇਦ ਸ਼ਾਖਤ।''

(ਇਹ ਸ਼ਬਦ ਉਮਦਾਤੁਲ ਤਵਾਰੀਖ ਵਿਚੋਂ ਹਨ )

ਸ਼ਾਹ ਜ਼ਮਾਨ ਥਲੇ ਨਾ ਆ ਸਕਿਆ। ਉਸ ਦੇ ਦੰਦ ਜੁੜ ਗਏ। ਮੇਰੀਆਂ ਹਜ਼ਾਰਾਂ ਫੌਜਾਂ ਦੇ ਹੁੰਦਿਆਂ ਇਹ ਪੰਜਾਹ ਆਦਮੀ ਕਿਲ੍ਹੇ ਅਗੇ ਬੰਦੂਕਾਂ ਚਲਾ ਰਹੇ ਹਨ ਤੇ ਮੈਨੂੰ ਵੰਗਾਰ ਰਹੇ ਹਨ। ਮੈਨੂੰ ਲਲਕਾਰਦੇ ਫਿਰਦੇ ਹਨ। ਉਹ ਦੀ ਸਿਘਾਂ ਦੇ ਸਾਹਮਣੇ ਪੇਸ਼ ਨਾ ਗਈ। ਮਾਯੂਸ ਹੋ ਕੇ ੪ ਜਨਵਰੀ ੧੭੯੯ ਈ. ਨੂ ਸ਼ਾਹ ਜ਼ਮਾਨ ਲਾਹੌਰ ਤੋਂ ਖਾਲੀ ਹਥ ਕਾਬਲ ਨੂੰ ਮੁੜ ਪਿਆ। ਸਿੰਘਾਂ ਥਾਉਂ ਥਾਈਂ ਆਪਣੇ ਕਬਜ਼ੇ ਜਮਾ ਲਏ। ਇਸ ਤੋਂ ੬ ਮਹੀਨੇ ਮਗਰੋਂ ਰਣਜੀਤ ਸਿੰਘ ਨੇ ਲਾਹੌਰ ਉਤੇ ਕਬਜ਼ਾ ਕਰ ਕੇ ਮਜ਼ਬੂਤ ਸਿਖ ਸਲਤਨਤ ਦੀ ਉਸਾਰੀ ਕੀਤੀ ਜਿਸ ਦੀ ਅਗਵਾਈ ਹੇਠ ਖਾਲਸੇ ਨੇ ਕਾਬਲ ਡੇਰਾਜਾਤ, ਪਿਸ਼ਾਵਰ ਤੇ ਕੰਧਾਰ ਤੀਕ ਅਕਾਲੀ ਝੰਡੇ ਝੁਲਾਏ। ਸਿਖ ਰਾਜ ਦੀ ਸ਼ਾਹੀ ਮੋਹਰ ਉਤੇ 'ਅਕਾਲ ਸਹਾਇ' ਦੇ ਸ਼ਬਦ ਉਕਰੇ। ਨਾਨਕ ਸ਼ਾਹੀ ਸਿਕਾ ਚਾਲੂ ਕੀਤਾ ਗਿਆ ਜਿਸ ਉਤੇ 'ਦੇਗ ਤੇਗ ਫਤਹਿ' ਨੁਸਰਤ-ਬੇਦਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਦੀ ਇਬਾਰਤ ਉਕਰੀ ਗਈ ਸੀ। ਇਹ ਰਣਜੀਤ ਸਿੰਘ ਦੀ ਫ਼ਤਹਿ ਨਹੀਂ ਸੀ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜਿਤ ਸੀ। ਗੁਰੂ ਨਾਨਕ ਗੁਰੂ ਗੋਬਿੰਦ ਸਿਘ ਜੀ ਦੀ ਕ੍ਰਿਪਾ ਨਾਲ ਖਾਲਸਾ ਚੜ੍ਹਦੀ ਕਲਾ ਵਿਚ ਗਿਆ। ਜਿਹਨਾਂ ਸਿੰਘਾਂ ਦਾ ਮੁਲਕ ਜੰਗਲ ਸੀ, ਘਰ ਘੋੜਿਆਂ— ਦੀਆਂ ਕਾਠੀਆਂ ਉਤੇ ਸਨ, ਜਿਹਨਾਂ ਨੂੰ ਸਿਰ ਲੁਕਾਉਣ ਦੀ ਥਾਂ ਨਹੀਂ ਸੀ ਮਿਲਦੀ, ਉਹ ਤਖਤਾਂ ਤਾਜਾਂ ਤੇ ਕਿਲਿਆਂ ਘੋੜਿਆਂ ਦੇ ਮਾਲਕ ਬਣੇ। ਉਸ ਸਮੇਂ ਸਿੰਘਾਂ ਦੀ ਰਹਿਣੀ ਬਹਿਣੀ ਬੜੀ ਸਾਦਾ ਸੀ। ਤੇੜ ਕਛਿਹਰਾ, ਤਣੀਆਂ ਵਾਲੀ ਕਮੀਜ਼, ਸਿਰ ਦਸਤਾਰਾ, ਉਤੇ ਭੂਰੇ ਜਾਂ ਚਾਦਰ ਦੀ ਗਿਲਤੀ, ਇਹ ਆਮ ਪਹਿਰਾਵਾ ਸੀ। ਬਨਵਾਸ ਕਾਰਣ ਨੀਲਾ ਬਾਣਾ ਠੀਕ ਰਹਿੰਦਾ ਸੀ। ਕਾਜੀ ਨੂਰ ਮੁਹੰਮਦ ਦੇ ਜੰਗਨਾਮੇ ਤੋਂ ਸਿਖਾਂ ਦੇ ਉਸ ਸਮੇਂ ਦੇ ਪਹਿਰਾਵੇ Dress ਦਾ ਪਤਾ ਲਗਦਾ ਹੈ। ਉਹ ਲਿਖਦਾ ਹੈ ਕੰਬਲ ਜਾਂ ਭੂਰਾ ਉਹਨਾਂ ਦਾ ਖਾਸ ਵਸਤਰ ਸੀ। ਦਿਨੇ ਉਹ ਕੰਬਲ ਘੋੜੇ ਤੇ ਸੁਟ ਲੈਂਦੇ, ਰਾਤ ਨੂੰ ਉਪਰ ਲੈ ਲੈਂਦੇ। ਦਿਨੇ ਕਾਠੀ ਦਾ ਕੰਮ ਦਿੰਦਾ, ਰਾਤ ਨੂੰ ਸੌਣ ਦਾ। ਇਹਨਾਂ ਦੇ ਘੋੜੇ ਬੜੇ ਸਿਆਣੇ ਮਾਲਕ ਦੀ ਅਵਾਜ਼ ਪਛਾਨਣ ਵਾਲੇ ਤੇ ਦੁਖ ਸੁਖ ਦੇ ਸਾਥੀ ਹੁੰਦੇ ਸਨ। ਘੋੜੇ ਦੇ ਮਰਨ ਤੇ ਸਿੰਘ ਬੜਾ ਅਫਸੋਸ ਕਰਦੇ ਸਨ। ਇਹਨਾਂ ਨੂੰ ਆਮ ਲੋਕੀਂ ਭੂਰਿਆਂ ਵਾਲੇ ਜਾਂ ਕੱਛ ਵਾਲੇ ਬਾਬੇ ਆਖਦੇ ਸਨ। ਜ਼ਿਆਦਾ ੩੦ ਲਖੀ ਜੰਗਲ ਦੇ ਪਾਲੇ ਘੋੜੇ, ਜਿਹਨਾਂ ਨੂੰ 'ਜੰਗਲ ਤਾਜ਼ੀ' ਕਿਹਾ ਜਾਂਦਾ ਸੀ, ਸਿੰਘਾਂ ਦੀ ਵਰਤੋਂ ਵਿਚ ਆਉਂਦੇ ਸਨ।

ਜਾਰਜ ਥਾਮਸ ਸਿੰਘਾਂ ਦੀ ਤਸਵੀਰ ਇਸ ਪ੍ਰਕਾਰ ਖਿਚਦਾ ਹੈ —

'ਘੋੜਿਆਂ ਦੇ ਸੁਆਰ, ਸਿੰਘਾਂ ਦੇ ਲੰਮੇ ਲੰਮੇ ਕੇਸ ਮਜ਼ਬੂਤ ਤੇ ਫੁਰਤੀਲੇ ਅੱਧ ਨੰਗੇ ਸਰੀਰ, ਹਥਿਆਰਾਂ ਦੀ ਲਿਸ਼ਕ ਪੁਸ਼ਕ, ਲੰਮਾ ਡੀਲ ਡੌਲ, ਘੋੜਿਆਂ ਦੀ ਤੇਜ਼ ਚਾਲ, ਇਹਨਾਂ ਦੇ ਹਥਾਂ ਵਿਚ ਢਾਈ ੨ ਗਜ਼ ਦੇ ਨੇਜ਼ੇ, ਸਭ ਕੁਝ ਰਲ ਕੇ ਡਰਾਉਣਾ ਪਰਭਾਵ ਪਾਉਂਦੇ ਸਨ। ਤਲਵਾਰ ਬੰਦੂਕ ਤੇ ਤੀਰ ਹੀ ਸਿੰਘਾਂ ਦੇ ਮਨ ਭਾਉਂਦੇ ਹਥਿਆਰ ਸਨ, ਖੁਆਜਾ ਅਬੀਦ ਖਾਂ ਤੋਂ ਉਹਨਾਂ ਨੇ ਬਾਰਾਂ ਤੋਪਾਂ ਖੋਹੀਆਂ ਸਨ, ਤੀਰ ਤੇ ਬੰਦੂਕ ਦੇ ਉਹ ਚੰਗੇ ਮਾਹਰ ਸਨ।

ਸਰ ਲੇਪਲ ਗਰਿਫਨ Sir Lepell Griffin ਨੇ ਵੀ ਇਸ ਗਲ ਦੀ ਗੁਆਹੀ ਭਰੀ ਹੈ ਕਿ ਸਿਖ ਸੰਗਰਾਮ



www.AKJ.Org

ਤੇ ਲੁਟ ਮਾਰ ਦੇ ਸਮੇਂ ਮਨੁਖ ਹੀ ਰਹਿੰਦੇ ਹਨ। ਭੂਤਨੇ ਨਹੀਂ ਬਣਦੇ। ਸਿਖ ਇਤਹਾਸ ਵਿਚ ਔਰਤਾਂ ਦੀ ਬੇਪਤੀ ਕਰਨ ਤੇ ਆਦਮੀਆਂ ਨੂੰ ਵਹਿਸ਼ੀਆਨਾ ਤਸੀਹੇ ਦੇਣ ਦੀ ਵੀ ਕੋਈ ਘਟਨਾ ਨਹੀਂ ਮਿਲਦੀ। ਇਹੋ ਗਲ ਸਿਖਾਂ ਨੂੰ ਮਧ ਹਿੰਦ ਦੇ ਪਿੰਡਾਰਿਆਂ ਅਤੇ ਬੰਗਾਲ ਦੇ ਡਾਕੂਆਂ ਤੋਂ ਉਚੇਰੀ ਪੱਧਰ ਤੇ ਲਿਜਾਂਦੀ ਹੈ।

(ਵੇਖੋ ਪੁਸਤਕ ਰਾਜਾਜ਼ ਆਫ਼ ਪੰਜਾਬ ਸਫ਼ਾ ਸਤਾਰਾਂ ਉਤੇ)

ਇਸੇ ਤਰ੍ਹਾਂ ਸਿਖ ਸਰਦਾਰਾਂ ਦੇ ਸਦਾਚਾਰ Code of conduct ਦੀ ਉਚਤਾ ਦੀ ਗਵਾਹੀ ਭਰਦਾ 'ਤਾਰੀਖੇ ਪੰਜਾਬ' ਵਿਚ ਬੂਟੇ ਸ਼ਾਹ ਲਿਖਦਾ ਹੈ :—

"ਜੇ ਕਿਧਰੇ ਸਿਖ ਕਿਸੇ ਕਾਫ਼ਲੇ ਉਤੇ ਹੱਲਾ ਬੋਲਦੇ ਤਾਂ ਉਹ ਮਰਦ ਦੇ ਸਿਰੋਂ ਪਗੜੀ ਉੱਕਾ ਹੀ ਨਹੀਂ ਸੀ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਗੱਟਿਆਂ ਯਾ ਕਪੜਿਆਂ ਨੂੰ ਹੱਥ ਪਾਉਂਦੇ ਸਨ।"

ਸਿੱਖਾਂ ਦੇ ਕੌਮੀ ਆਚਰਣ ਦੀ ਮਿਸਾਲ ਰਿਆਸਤ ਮਲੇਰਕੋਟਲੇ ਦੀ ਹੋਂਦ ਵੀ ਦੇ ਰਹੀ ਹੈ। ਇਸ ਰਿਆਸਤ ਦੇ ਚਾਰੇ ਪਾਸੇ ਸਿਖ ਮਿਸਲਾਂ ਦੇ ਸਰਦਾਰਾਂ ਨੇ ਕਬਜ਼ੇ ਜਮਾ ਲਏ ਪਰ ਇਸ ਮੁਸਲਮ ਰਿਆਸਤ ਉਤੇ ਹੱਥ ਨਾ ਚੁਕਿਆ। ਕੇਵਲ ਇਹ ਕਿਰਤਗਤਾ ਪਰਗਟ ਕਰਨ ਲਈ ਕਿ ਇਕ ਵਾਰ ਇਨ੍ਹਾਂ ਦੇ ਵਡੇਰੇ ਨਵਾਬ ਸ਼ਰ ਮੁਹੰਮਦ ਖਾਨ ਨੇ ਸਰਹੰਦ ਦੀ ਕਚਹਿਰੀ ਵਿਚ ਸਾਹਿਬ-ਜ਼ਾਦਿਆਂ ਨੂੰ ਕਤਲ ਕਰਨ ਵਿਰੁਧ 'ਹਾਅ' ਦਾ ਨਾਅਰਾ ਮਾਰਿਆ ਸੀ।

ਮੁਸਲਮਾਨ ਰਾਜ ਦੇ ਲੰਮੇ ਅਰਸੇ ਵਿਚ ਹਿੰਦੂਆਂ ਦੀ ਹਾਲਤ ਬਹੁਤ ਤਰਸ ਯੋਗ ਸੀ ਤੇ ਇਨ੍ਹਾਂ ਨੂੰ ਹਰ ਮੁਸਲਮਾਨ ਆਪਣਾ ਗੁਲਾਮ ਹੀ ਸਮਝਦਾ ਸੀ। ਡੇਰਾ ਗਾਜ਼ੀ ਖਾਂ ਦੇ 'ਡਿਸਟਰਿਕਟ ਗਜ਼ਟੀਅਰ' ਵਿਚ ਲਿਖਿਆ ਹੈ ਕਿ ਹਿੰਦੂਆਂ ਨੂੰ ਮੁਸਲਮਾਨ ਨਾ ਘੋੜੇ ਤੇ ਚੜ੍ਹਨ ਦੇਂਦੇ ਸਨ ਨਾ ਹੀ ਪਗੜੀ ਬੰਨ੍ਹਣ ਦੇਂਦੇ ਸਨ। ਹਿੰਦੂ ਵਿਚਾਰੇ ਗਧੇ ਦੀ ਸਵਾਰੀ ਕਰਦੇ ਤੇ ਟੋਪੀ ਹੀ ਪਹਿਨ ਸਕਦੇ ਸਨ ਪਰ ਸਿੱਖ ਰਾਜ ਦੇ ਜ਼ਮਾਨੇ ਵਿਚ ਹਿੰਦੂਆਂ ਨੂੰ ਸਭ ਤਰ੍ਹਾਂ ਦੀ ਪੂਰੀ ਖੁਲ੍ਹ ਦਿਵਾਈ ਗਈ। ਸਿੱਖ ਜਬਰ ਹੁੰਦਾ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਇਸ ਲਈ ਉਨ੍ਹਾਂ ਹਰ ਕੌਮ ਦੇ ਦੁਖਾਂ ਨੂੰ ਦੂਰ ਕਰਨਾ ਆਪਣਾ ਕੌਮੀ ਫ਼ਰਜ਼ ਸਮਝਿਆ। ਇਹੋ ਜਿਹਾ ਸਿਧਾ ਸਾਦਾ ਅਰ ਸੁਚੱਜਾ ਰਾਜ ਪ੍ਰਬੰਧ ਸਿੱਖ ਮਿਸਲਾਂ ਨੇ ੩੦-੩੫ ਸਾਲ ਕੀਤਾ। ਇਹ ਬਾਰਾਂ ਮਿਸਲਾਂ ਸਾਂਝੇ ਧਰਮ ਤੇ ਸਾਂਝੇ ਖ਼ਤਰੇ ਲਈ ਇਕੱਠੀਆਂ ਸਨ ਤੇ ਵੈਸੇ ਬਿਲਕੁਲ ਪੂਰਨ ਸੁਤੰਤਰ ਤੇ ਭਿੰਨ ਭਿੰਨ ਸਨ। ਹਰ ਸਿੱਖ ਅਰਦਾਸ ਕਰਦਾ ਸਮੂਹ ਖਾਲਸੇ ਨੂੰ ਵਾਹਿਗੁਰੂ ਚਿਤ ਆਉਣਾ ਤੇ ਸਰਬਤ ਖਾਲਸੇ ਦੀ ਰਛਿਆ ਰਿਆਇਤ ਮੰਗਦਾ ਸੀ। ਸਾਂਝੇ ਖ਼ਤਰੇ ਵੇਲੇ ਸਿਖ ਸਰਦਾਰ ਇਕੱਠੇ ਹੋ ਕੇ ਅੰਮ੍ਰਿਤਸਰ ਅਕਾਲ ਤਖਤ ਉਤੇ ਕੌਂਸਲ ਕਰਦੇ ਸਨ। ਪਵਿੱਤਰ ਆਚਰਨ ਵਾਲੇ ਅਕਾਲੀ ਜੋ ਕਿ ਇਸ ਸਥਾਨ ਦੇ ਮੁਖ ਪ੍ਰਬੰਧਕ ਤੇ ਪੰਥ ਵਿਚ ਸਨਮਾਨ ਯੋਗ ਸਮਝੇ ਜਾਂਦੇ ਸਨ, ਇਹ ਮਾਮਲਾ ਕੌਂਸਲ ਅਗੇ ਰਖਦੇ ਤੇ ਜੋ ਫੈਸਲਾ ਹੁੰਦਾ ਉਸ ਨੂੰ ਗੁਰਮਤਾ ਕਿਹਾ ਜਾਂਦਾ ਸੀ। ਇਹ ਗੁਰਮਤਾ ਪਰਣਾਲੀ ਮੈਲਕਮ ਦੇ ਲਿਖਣ ਅਨੁਸਾਰ 1805 ਈ: ਤਕ ਜਾਰੀ ਰਹੀ। ਸਰਦਾਰੀ ਜਾਂ ਜਥੇਦਾਰੀ ਵੀ ਕੋਈ ਖਾਨਦਾਨੀ ਵਿਰਾਸਤ ਨਹੀਂ ਸੀ। ਸਿੰਘ ਆਗੂ ਦੀ ਚੋਣ ਖੁਦ ਕਰਿਆ ਕਰਦੇ ਸਨ। ਮੁਫਤੀ ਅਲੀਉਦੀਨ ਆਪਣੇ ਇਬਰਤਨਾਮੇ ਵਿਚ ਲਿਖਦਾ ਹੈ ਕਿ ਕਈ ਵਾਰ ਆਮ ਫ਼ੌਜੀਆਂ ਵਿਚੋਂ ਹੀ ਜਥੇਦਾਰ ਚੁਣ ਲਿਆ ਜਾਂਦਾ ਸੀ। ਕਨਿੰਘਮ ਇਸ ਗਲ ਦੀ ਸ਼ਾਖ ਭਰਦਾ ਲਿਖਦਾ ਹੈ ਕਿ ਕਈ ਸਰਦਾਰ ਮਮੂਲੀ ਕਿਸਾਨ ਕਿਰਤੀ ਘਰਾਣਿਆਂ ਵਿਚੋਂ ਸਨ ਪਰ ਉਨ੍ਹਾਂ ਆਪਣੀ ਬਹਾਦਰੀ ਤੇ ਗੁਣਾਂ ਕਰ ਕੇ



www.AKJ.Org

ਸਰਦਾਰੀ ਪਰਾਪਤ ਕੀਤੀ। ਇਉਂ ਲੋਕਾਂ ਵਿਚੋਂ ਉਠੇ ਲੋਕ ਆਗੂਆਂ ਨੇ ਲੋਕ ਭਲਾਈ ਲਈ ਕੁਝ ਹਦ ਤਕ ਲੋਕ ਰਾਜ ਕਾਇਮ ਕਰ ਕੇ ਦਿਖਾਇਆ। ਜਿਸ ਦੀ ਮਿਸਾਲ ਉਸ ਸਮੇਂ ਦੇ ਹਿੰਦ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਇਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਖਸ਼ੇ ਉੱਚੇ ਆਦਰਸ਼ਾਂ ਤੇ ਪਵਿੱਤਰ ਬੀਰਤਾ ਦਾ ਸਿੱਟਾ ਸੀ ਕਿ ਉਨ੍ਹਾਂ ਪੰਜਾਬ ਵਿਚ ਪੂਰਨ ਸਵਰਾਜ ਸਥਾਪਤ ਕਰ ਕੇ ਇਕ ਤਰ੍ਹਾਂ ਦੀ ਸਦੀਆਂ ਤੋਂ ਜਰਵਾਣਿਆਂ ਦੀ ਮਾਰ ਖਾਂਦੇ ਹਿੰਦ ਨੂੰ ਸਦਾ ਲਈ ਸੁਰੱਖਿਅਤ ਕਰ ਦਿੱਤਾ। ਹਮਲਾਵਰਾਂ ਨੂੰ ਪੱਛਮ ਵਲ ਨੂੰ ਧੱਕ ਕੇ ਉਲਟੀ ਗੰਗਾ ਵਗਾ ਦਿੱਤੀ। ਡਾਕਟਰ ਹਰੀ ਰਾਮ ਗੁਪਤ ਲਿਖਦਾ ਹੈ :—"ਉੱਤਰੀ ਹਿੰਦ ਦੇ ਵਸਨੀਕ ਆਮ ਤੌਰ ਤੇ ਅਤੇ ਪੰਜਾਬ ਵਾਸੀ ਖ਼ਾਸ ਤੌਰ ਤੇ ਸਿੱਖਾਂ ਦੇ ਅਤਿਅੰਤ ਰਿਣੀ ਹਨ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

---



www.AKJ.Org

# ਸਿੱਖ ਕਿਵੇਂ ਰਹੀਏ--ਇਕ ਵੀਚਾਰ

—ਭਾਈ ਜੋਧ ਸਿੰਘ ਜੀ ਵਾਰਾਨਸੀ

ਨਿਰਸੰਦੇਹ ਮਨੁਖ ਨਾ ਤਾਂ ਨਿਰਾ ਸਰੀਰ ਹੈ ਅਤੇ ਨਾ ਹੀ ਨਿਰੀ ਆਤਮਾ। ਦੋਹਾਂ ਦੇ ਸੁਮੇਲ ਦਾ ਨਾਂ ਹੀ ਮਨੁਖ ਹੈ। ਇਸ ਲਈ ਸਰੀਰ ਅਤੇ ਆਤਮਾ ਦੀਆਂ ਲੋੜਾਂ ਦਾ ਖ਼ਿਆਲ ਰਖਣਾ ਇਨਸਾਨ ਦਾ ਸਭ ਤੋਂ ਵੱਡਾ ਫ਼ਰਜ਼ ਹੈ। ਏਸੇ ਫ਼ਰਜ਼ ਨੂੰ ਪੂਰਿਆਂ ਕਰਨ ਲਈ ਹੀ ਇਨਸਾਨ ਨੂੰ ਇਸ ਧਰਤੀ ਦੀ ਧਰਮਸਾਲ ਵਿਚ ਕੁਝ ਸਮੇਂ ਲਈ ਟਿਕਾਇਆ ਗਿਆ ਹੈ। ਪਰ ਟੀਚਾ ਕਿੰਨਾ ਹੀ ਚੰਗਾ ਕਿਉਂ ਨਾ ਹੋਵੇ ਜੇ ਉਸ ਤਕ ਪੁਜਣ ਦੇ ਸਾਧਨ ਯੋਗ ਨਾ ਹੋਣ ਤਾਂ ਸਾਡੀ ਕੀਤੀ ਕਰਾਈ ਮੇਹਨਤ ਕਿਸੇ ਵੇਲੇ ਵੀ ਖੂਹ ਖਾਤੇ ਪੈ ਸਕਦੀ ਹੈ ਅਤੇ ਅਸੀਂ ਘੜੀ ਦੇ ਘੁਥੇ ਸੌ ਕੋਹਾਂ ਤੇ ਜਾ ਡਿਗ ਸਕਦੇ ਹਾਂ।

ਅਣਡਿੱਠੇ ਸਮਿਆਂ ਤੋਂ ਹੀ ਜਿਵੇਂ ਪਾਣੀ ਸਦਾ ਹੀ ਨਿਵਾਣ ਵਲ ਵਹਿੰਦਾ ਤੁਰਿਆ ਆ ਰਿਹਾ ਹੈ, ਪੌਣ ਸਦਾ ਹੀ ਸੁਖ ਦਾ ਸੱਦਾ ਦਿੰਦੀ ਚਲੀ ਆ ਰਹੀ ਹੈ, ਸੂਰਜ ਪੁਰਾਤਨ ਤੋਂ ਅਜੋਕੇ ਸਮੇਂ ਤਕ ਗਰਮੀ ਦਾ ਸੋਮਾ ਬਣਿਆ ਚਲਿਆ ਆ ਰਿਹਾ ਹੈ, ਠੀਕ ਉਸੇ ਤਰ੍ਹਾਂ ਹੀ ਕੁਝ ਭਾਵਨਾਵਾਂ ਮਨੁਖ ਨੂੰ ਕ੍ਰਿਆਵਾਂ ਸਮੇਤ ਅਰੰਭ ਤੋਂ ਹੀ ਵਾਹਿਗੁਰੂ ਵਲੋਂ ਪ੍ਰਾਪਤ ਹੋਈਆਂ ਹਨ। ਸਾਹ ਲੈਣਾ, ਸੌਣਾ, ਭੁਖ ਲਗਣੀ ਆਪ ਨੂੰ ਪਿਆਰਨਾ, ਆਪਣੇ ਆਪ ਨੂੰ ਬੇਹਤਰ ਬਣਾਉਣ ਦਾ ਯਤਨ ਕਰਨਾ ਅਜਿਹੀਆਂ ਹੀ ਕ੍ਰਿਆਵਾਂ ਹਨ। ਅਤੇ ਇਨ੍ਹਾਂ ਕ੍ਰਿਆਵਾਂ ਦੀ ਪੂਰਨਤਾ ਲਈ ਉਸ ਪ੍ਰਭੂ ਨੇ ਮਨੁਖ ਲਈ ਸਾਰੇ ਮੂਲ ਪਦਾਰਥ ਵੀ ਤਿਆਰ ਕੀਤੇ ਹਨ। ਧਰਤੀ ਉਸ ਦਾ ਅਟੁਟ ਭੰਡਾਰ ਹੈ।

ਸਰੀਰਕ ਬਲ ਅਤੇ ਆਤਮਕ ਬਲ ਦੋਵੇਂ ਹੀ ਮਨੁਖ ਲਈ ਜ਼ਰੂਰੀ ਹਨ। ਪਰ ਜਿਵੇਂ ਸੰਦੂਕ ਨਾਲੋਂ ਸੰਦੂਕ ਵਿਚ ਰਖੇ ਕੀਮਤੀ ਕਪੜਿਆਂ ਦੀ ਕਦਰ ਜ਼ਿਆਦਾ ਹੁੰਦੀ ਹੈ ਠੀਕ ਇਸੇ ਤਰ੍ਹਾਂ ਸਰੀਰ ਵਿਚਲੀ ਆਤਮਾ ਦੀ ਮਹਤਤਾ ਬਾਰੇ ਸ਼ਕ ਨਹੀਂ ਕੀਤਾ ਜਾ ਸਕਦਾ। ਦੁਨੀਆਂ ਵਿਚ ਬੇਅੰਤ ਸੂਰਬੀਰ ਹੋਏ ਹਨ ਪਰ ਆਦਰ ਨਾਲ ਯਾਦ ਉਹਨਾਂ ਵਿਚੋਂ ਕੁਝ ਏਹੋ ਜਿਹੀਆਂ ਹਸਤੀਆਂ ਨੂੰ ਹੀ ਕੀਤਾ ਜਾਂਦਾ ਹੈ ਜਿਹੜੇ ਉਪਰਲੇ ਦੋਹਾਂ ਗੁਣਾਂ ਦੇ ਹੀ ਮਾਲਿਕ ਸਨ ਅਤੇ ਖਾਸ ਕਰਕੇ ਆਤਮਕ ਬਲ ਦੇ ਖਜ਼ਾਨੇ ਨੂੰ ਸਾਂਭਣ ਵਾਲੇ ਸਨ। ਗੁਰੂ ਸਾਹਿਬਾਨ ਨੇ ਵੀ ਸਰੀਰ ਅਤੇ ਆਤਮਾ ਵਿਚੋਂ ਆਤਮਾ ਦੇ ਅਟੁਟ ਆਤਮ ਰਸ ਨੂੰ ਹੀ ਮਹਾਨਤਾ ਦਿਤੀ ਹੈ। ਬੇਸ਼ਕ ਇਸ ਆਤਮ ਰਸ ਨੂੰ ਮਹਿਸੂਸਣ ਦੇ ਸਾਧਨ ਸਰੂਪ ਸਾਡਾ ਇਹ ਸਰੀਰ ਹੀ ਸਭ ਤੋਂ ਵਧ ਸਹਾਈ ਹੈ ਪਰ ਸਹਾਇਕ ਫਿਰ ਵੀ ਸਹਾਇਕ ਹੀ ਹੁੰਦਾ ਹੈ। ਸਿਖੀ ਜੀਵਨ ਨਿਰਾ ਗਿਆਨ ਦੀਆਂ ਪੰਡਾਂ ਚੁਕਾਉਣ ਵਾਲਾ ਅਤੇ ਗਿਆਨ ਦੇ ਬੋਝ ਥਲੇ ਆਤਮਾ ਨੂੰ ਲਿਤਾੜਣ ਵਾਲਾ ਰਸਹੀਨ ਅਤੇ



www.AKJ.Org

ਕ੍ਰਿਆਹੀਨ ਜੀਵਨ ਨਹੀਂ ਬਲਕਿ ਇਸ ਜੀਵਨ ਨੂੰ ਅਪਨਾਉਣ ਵਾਲਿਆਂ ਦੀਆ ਝਾਕੀਆਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸਾਡੇ ਸਾਹਮਣੇ ਰਖੀਆਂ ਹਨ :—

ਪਿਛਲ ਰਾਤੀ ਜਾਗਣਾ ਨਾਮ ਦਾਨੁ ਇਸਨਾਨੁ ਦਿੜਾਏ ।
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੇ ਭਲਾ ਮਨਾਏ ।
ਥੋੜਾ ਸਵਣਾ, ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ ।
ਘਾਲ ਖਾਏ ਸੁਕ੍ਰਿਤ ਕਰੈ ਵਡਾ ਹੋਇ ਨ ਆਪੁ ਗਣਾਏ ।
ਸਾਧ ਸੰਗਤਿ ਮਿਲਿ ਗਾਵਦੇ ਰਾਤ ਦਿਹੈ ਨਿਤ ਚਲਿ ਚਲਿ ਜਾਏ ।
ਸਬਦ ਸੁਰਤਿ ਪਰਚਾ ਕਰੈ ਸਤਿਗੁਰ ਪਰਚੈ ਮਨ ਪਰਚਾਏ ।
ਆਸਾ ਵਿਚਿ ਨਿਰਾਸ ਵਲਾਏ ॥ ੧੫ ॥

ਅਜਿਹੇ ਗੁਣਾਂ ਵਾਲੇ ਮਨੁਖ ਦੀ ਸਿਰਜਣਾ ਤਾਂ ਹੀ ਹੋ ਸਕਦੀ ਹੈ ਜਦੋਂ ਮਨੁਖ ਇਹ ਸਮਝ ਲਏ ਕਿ ਉਹ ਪਸ਼ੂ ਤੋਂ ਵਖਰਾ ਕਿਵੇਂ ਹੈ। ਡਾਰਵਿਨ ਦੀ ਥੀਊਰੀ ਦੇ ਮੁਤਾਬਕ ਬੇਸ਼ਕ ਤਾਕਤਵਰ ਨੂੰ ਹੀ ਜ਼ਿੰਦਾ ਰਹਿਣ ਦਾ ਹੱਕ ਹੈ। ਬੇਸ਼ਕ ਲੱਖਾਂ ਵਡੀਆਂ ਮੱਛੀਆਂ ਛੋਟੀਆਂ ਨੂੰ ਹੜੱਪ ਕਰ ਕੇ ਆਪਣੀ ਉਦਰ ਪੂਰਤੀ ਕਰਦੀਆਂ ਹਨ. ਬੇਸ਼ਕ ਤਾਕਤਵਰ ਜਨੌਰ ਨਿਤ ਕਮਜ਼ੋਰਾਂ ਨੂੰ ਮਾਰ ਕੇ ਆਪਣੀ ਭੁਖ ਨਵਿਰਤੀ ਕਰਦੇ ਹਨ, ਪਰ ਸਾਨੂੰ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਉਹ ਜਾਨਵਰ ਹਨ ਅਤੇ ਅਸੀਂ ਜਾਨਵਰ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਤੀ ਤੇ ਆ ਕੇ ਇਹੀ ਸਚਾਈ ਪੈਦਲ ਯਾਤਰਾਵਾਂ ਕਰਕੇ ਹਨੇਰੀਆਂ, ਮੀਂਹਾਂ ਬੰਜਰ ਅਤੇ ਸੁਨਸਾਨ ਰੇਤਲੀਆਂ ਹਦਾਂ ਪਾਰ ਕਰਕੇ ਥਾਂ ਥਾਂ ਮਨੁਖ ਦੇ ਸਾਹਮਣੇ ਰਖੀ ਸੀ ਕਿ ਇਨਸਾਨ ਇਨਸਾਨ ਹੈ ਜਾਨਵਰ ਨਹੀਂ। ਮਨੁਖ ਨੇਕੀ ਅਤੇ ਇਖ਼ਲਾਕ ਦਾ ਪੁਤਲਾ ਹੈ। ਮਨੁਖ ਦੀ ਆਤਮਾ ਰਸ ਨਾਲ ਅੱਤ ਨੇੜੇ ਦੀ ਸਾਂਝ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨਸਾਨ ਦੀਆਂ ਇਹਨਾਂ ਕੋਝੀਆਂ ਹਰਕਤਾਂ ਤੋਂ ਉਸ ਨੂੰ ਰੋਕਣ ਲਈ ਹੀ ਉਸ ਸਮੇਂ ਦੀਆਂ ਮੋਢੀ ਵਸਨੀਕ ਕੌਮਾਂ ਨੂੰ ਲਲਕਾਰ ਕੇ ਕਿਹਾ ਸੀ :—

"ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥"

ਅੰਗਰੇਜ਼ੀ ਦੀ ਇਕ ਕਹਾਵਤ ਹੈ ਕਿ ਉਸ ਸਮੇਂ ਤਕ ਕੋਈ ਵੀ ਸੁਰਖਿਅਤ ਨਹੀਂ ਜਦੋਂ ਤਕ ਸਾਰੇ ਸੁਰਖਿਅਤ ਨਹੀਂ। ਅਤੇ ਇਹ ਠੀਕ ਹੀ ਹੈ। ਰਖਿਆ ਦੇ ਮਸਲੇ ਨੂੰ ਧਿਆਨ ਗੋਚਰਾ ਰਖ ਕੇ ਮੁਲਕਾਂ ਦੇ ਸੰਵਿਧਾਨ ਬਣਾਏ ਜਾਂਦੇ ਹਨ, ਨੇਮਾਵਲੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਕੋਈ ਕਿਸੇ ਦਾ ਹੱਕ ਨਾ ਖੋਹੇ, ਇਸ ਲਈ ਪੁਲੀਸ ਚੌਕੀਆਂ ਬਿਠਾਈਆਂ ਜਾਂਦੀਆਂ ਹਨ। ਪਰ ਕੀ ਇੰਨੇ ਬੰਦੋਬਸਤ ਦੇ ਬਾਵਜੂਦ ਵੀ ਇਹ ਜੀ ਭਿਆਣਾ ਮਨੁਖ ਸੁਖ ਦਾ ਸਾਹ ਲੈ ਸਕਿਆ ਹੈ। ਕੀ ਠਗੀਆਂ ਚੋਰੀਆਂ ਅਤੇ ਪਰਾਏ ਧਨ ਨੂੰ ਹੜੱਪਣ ਦੀਆਂ ਭਾਵਨਾਵਾਂ ਲੋਕਾਂ ਵਿਚੋਂ ਘਟ ਹੋ ਸਕੀਆਂ ਹਨ! ਬਿਲਕੁਲ ਨਹੀਂ । ਬਲਕਿ ਇਹਨਾਂ ਕੁਕਰਮਾਂ ਦੇ ਰੂਪ ਸਗੋਂ ਏਨੇ ਪੇਚੀਦੇ ਹੋ ਗਏ ਹਨ ਕਿ ਘਟਨਾਂ ਤੋਂ ਬਾਦ ਅਕਲ ਦੰਗ ਰਹਿ ਜਾਂਦੀ ਹੈ। ਕੀ ਮਾਨਸਿਕ ਅਤੇ ਆਤਮਿਕ ਬੀਮਾਰੀ ਰਾਜਨੈਤਿਕਾ ਦਵਾ ਦਾਰੂ ਨਾਲ ਠੀਕ ਹੋ ਸਕਦੀ ਹੈ ? ਸ਼ਾਇਦ


www.AKJ.Org

ਕਦੀ ਨਹੀਂ । ਸਦੀਆਂ ਦੇ ਤਜਰਬੇ ਦਸਦੇ ਹਨ ਕਿ ਨਿਮਰਤਾ, ਜੀ ਦਇਆ, ਕ੍ਰਿਤ ਕਰਨ ਦੀ ਭਾਵਨਾ, ਸਰਬਤ ਦੇ ਭਲੇ ਦੀ ਭਾਵਨਾ ਹੀ ਇਹਨਾਂ ਰੋਗਾਂ ਤੋਂ ਮਨੁਖ ਨੂੰ ਛੁਟਕਾਰਾ ਦਿਵਾ ਸਕਦੀ ਹੈ। ਬਾਣੀ ਸਾਡੇ ਸਾਹਮਣੇ ਹਲ ਰਖਦੀ ਹੈ :—

"ਰੋਸੁ ਨ ਕਾਹੂ ਸੰਗ ਕਰਹੁ ਅਪਨਾ ਆਪੁ ਬੀਚਾਰਿ ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ।!

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਦਸਿਆ ਕਿ ਸਿਧਾਂਤ ਜੇ ਜੀਵਨ ਦੇ ਖਾਕੇ ਵਿਚ ਅਮਲਾਂ ਰਾਹੀਂ ਉਤਾਰੇ ਜਾਣ ਤਾਂ ਜੀਵਨ ਦਾ ਰੰਗ ਬਰੰਗਾ ਨਕਸ਼ਾ ਮਨ ਭਾਉਣਾ ਹੋ ਜਾਂਦਾ ਹੈ ਪਰ ਜੇ ਸਿਧਾਂਤਾਂ ਦੀ ਪੋਟਲੀ ਅਸੀਂ ਕੇਵਲ ਸਿਰ ਤੇ ਚੁਕੀ ਫਿਰ ਕੇ ਆਪਣੇ ਵਡੱਪਣ ਦਾ ਢੰਡੋਰਾ ਦਿੰਦੇ ਰਹਾਂਗੇ ਤਾਂ ਜ਼ਰੂਰੀ ਹੈ ਇਕ ਦਿਨ ਸਾਡਾ ਸਾਂਹ ਆਪਣੇ ਆਪ ਹੀ ਸੁੱਕ ਜਾਏਗਾ ਅਤੇ ਅਸੀਂ ਅਭਿਮਾਨ ਦੇ ਸਮੁੰਦਰ ਵਿਚ ਗੋਤੇ ਖਾਂਦੇ ਹੋਏ ਅਣਚਾਹੇ ਅਣਜਾਣ ਹੀ ਇਸ ਸੰਸਾਰ ਦੇ ਰੰਗਮੰਚ ਤੋਂ ਅਲੋਪ ਹੋ ਜਾਵਾਂਗੇ । ਉਹ ਸਿਧਾਂਤ ਸਾਡੇ ਲਈ ਤਾਂ ਬੋਝ ਬਣੇ ਹੀ ਰਹਿਣਗੇ ਸਾਡੇ ਵਿਰਸੇਦਾਰਾਂ ਲਈ ਵੀ ਇਕ ਅਜੀਬ ਗੋਰਖ ਧੰਦਾ ਬਣ ਜਾਣਗੇ । ਗੁਰੂ ਸਾਹਿਬ ਨੇ ਤਾਂ ਹੀ ਕਰਨੀ ਨੂੰ ਕਥਨੀ ਤੋਂ ਅੱਤ ਉੱਚਾ ਦਰਜਾ ਦਿਤਾ ਹੈ :—

"ਸਚਹੁ ਓਰੈ ਸਭ ਕੋ ਉਪਰ ਸਚੁ ਆਚਾਰ ।"

ਅਸਾਂ ਇਸ ਸਚਾਈ ਉਤੇ ਆਚਰਣ ਕਰਨ ਦੀ ਸਮਰਥਾ ਆਪਣੇ ਆਪ ਅੰਦਰ ਪੈਦਾ ਕਰਨੀ ਹੈ ਅਤੇ ਇਹ ਸਮਰਥਾ ਉਸ ਸਮੇਂ ਤਕ ਪੈਦਾ ਨਹੀਂ ਹੋ ਸਕਦੀ ਜਦੋਂ ਤਕ ਅਸੀਂ ਆਪਣੇ ਸਰੀਰ ਰੂਪੀ ਭਾਂਡੇ ਵਿਚੋਂ ਮੋਹ, ਅਗਿਆਨ, ਅਵਿਦਿਆ ਆਦਿਕ ਘਟੀਆ ਪਦਾਰਥ ਨਹੀਂ ਕਢ ਦਿੰਦੇ। ਜ਼ਹਿਰ ਭਰੇ ਬਰਤਨ ਵਿਚ ਕਿੰਨਾ ਹੀ ਦੁਧ ਪਾਉਂਦੇ ਜਾਈਏ ਸਭ ਜ਼ਹਿਰ ਬਣਦਾ ਚਲਾ ਜਾਏਗਾ। ਇਸ ਲਈ ਅਸਾਂ ਇਨ੍ਹਾਂ ਫਾਲਤੂ ਸਵਾਲਾਂ ਵਿਚ ਆਪਣੀ ਸ਼ਕਤੀ ਜ਼ਾਇਆ ਨਹੀਂ ਕਰਨੀ ਕਿ ਇਸ ਧਰਤੀ ਦੀ ਉਮਰ ਕਿੰਨੀ ਹੈ, ਇਸ ਗੇੜ ਚੱਕਰ ਨੂੰ ਚਲਿਆਂ ਕਿੰਨਾ ਸਮਾਂ ਹੋ ਗਿਆ ਹੈ ? ਧਰਤੀ ਬਲਦ ਦੇ ਸਿੰਗ ਤੇ ਯਾ ਸੂਰ ਦੇ ਦੰਦ ਤੇ ਜਾਂ ਮਗਰਮਛ ਦੀ ਪਿੱਠ ਤੇ ਹੈ। ਇਹਨਾਂ ਵਾਧੂ ਗੱਲਾਂ ਵਿਚ ਅਸੀਂ ਅਮੋਲਕ ਜੀਵਨ ਨਸ਼ਟ ਨਹੀਂ ਕਰਨਾ ਹੈ। ਸਾਡਾ ਜੀਵਨ ਮਨੋਰਥ ਇਹ ਨਹੀਂ । ਗੁਰੂ ਸਾਹਿਬ ਨੇ ਅਜਿਹੀਆਂ ਸਮਸਿਆਵਾਂ ਨੂੰ ਮਨੁਖੀ ਸਮਸਿਆਵਾਂ ਮੰਨਿਆਂ ਹੀ ਨਹੀਂ । ਬਲਕਿ ਅਜਿਹੇ ਕੀਤੇ ਗਏ ਯਤਨਾਂ ਨੂੰ ਕੋਝੇ ਯਤਨ ਵੀ ਕਿਹਾ ਹੈ ਅਤੇ ਜਪੁਜੀ ਵਿਚ ਮਿੱਠੀ ਫਿਟਕਾਰ ਵੀ ਪਾਈ ਹੈ—

ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥

ਗੁਰੂ ਸਾਹਿਬ ਨੇ ਸਾਡੇ ਸਾਹਮਣੇ ਇਹ ਆਦਰਸ਼ ਨਹੀਂ ਰਖਿਆ ਕਿ ਅਸੀਂ ਅਤੀਤ ਦੇ ਸੁਪਨੇ ਲੈਂਦੇ ਰਹੀਏ ਅਤੇ ਗਿਆਨੀ ਬਣਨ ਦਾ ਦਾਹਵਾ ਕਰਨ ਵਾਲੇ ਫੋਕੇ ਪੰਡਤ ਬਣ ਕੇ ਰਹਿ ਜਾਈਏ । ਗਿਆਨ ਦੀ ਮਹੱਤਤਾ ਬਾਣੀ ਵਿਚ ਥਾਂ ਥਾਂ ਮਿਲਦੀ ਹੈ ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਪ੍ਰਭੂ ਪ੍ਰਾਪਤੀ ਲਈ ਗਿਆਨ ਇਕ ਸਾਧਨ ਹੈ ਅਤੇ ਟੀਚਾ ਆਤਮ ਰਸ ਨੂੰ ਜਾਣਨਾ ਹੀ ਹੈ । ਇਹਨਾਂ ਖੋਜਾਂ ਨੂੰ ਨਖਿਧਦੇ ਹੋਏ



www.AKJ.Org

ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਆਪਣੇ ਅੰਦਰ ਅਭਿਮਾਨ ਦੇ ਸੰਸਕਾਰ ਉਭਰਦੇ ਤੁਰੇ ਜਾਣ ਦੀ ਬਜਾਇ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ

"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥"

ਸੋ ਅਸੀਂ ਜਦੋਂ ਤਕ ਵਿਸ਼ੇ ਵਿਕਾਰਾਂ ਦੀ ਭਰੀ ਮਤ ਨੂੰ ਨਾਮ ਦਾ ਸਾਬਣ ਭਾਵ ਨਿਮਰਤਾ, ਦਇਆ, ਪਿਆਰ ਅਤੇ ਪ੍ਰਤਿਪਾਲਕਤਾ ਦਾ ਸਾਬਣ ਲਾ ਕੇ ਸਾਫ਼ ਨਹੀਂ ਕਰਦੇ ਉਸ ਸਮੇਂ ਤਕ ਪਲੀਤ ਹੀ ਬਣੇ ਰਹਾਂਗੇ। ਆਪਣੇ ਆਪ ਨੂੰ ਘੋਖਣ ਵਾਲਾ ਮਨੁਖ ਹੀ ਆਪਣੀਆਂ ਕਰਤੂਤਾਂ ਤੇ ਲਜਿਆ ਕੇ ਆਪਣੇ ਆਪ ਅੰਦਰ ਸੇਵਾ ਦੀ ਭਾਵਨਾ ਬਲਵਤੀ ਹੁੰਦੀ ਮਹਿਸੂਸ ਕਰਦਾ ਹੈ ਅਤੇ ਆਪਣੇ ਜੀਵਨ ਨੂੰ ਚੰਗਾ ਬਣਾਉਣ ਲਈ ਸੱਚਾ ਯਤਨ ਅਰੰਭਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਸਲੋਕ ਉਸ ਲਈ ਚਾਨਣ ਮੁਨਾਰਾ ਬਣ ਜਾਂਦਾ ਹੈ :—

ਜੇ ਰਤੁ ਲਗੇ ਕਪੜੈ ਜਾਮਾ ਹੋਇ ਪਲੀਤੁ ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤ।

ਅਸੀਂ ਹਰ ਸਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸ਼ਵ ਬੜੀ ਧੂਮ ਧਾਮ ਨਾਲ ਮਨਾਉਂਦੇ ਹਾਂ। ਆਓ ਅਜ ਦੇ ਦਿਨ ਇਸ ਹੀਰੇ ਵਰਗੀ ਸੋਹਣੀ, ਕੀਮਤੀ ਅਤੇ ਕਠੋਰ ਸਚਿਆਈ ਨੂੰ ਅਨੁਭਵ ਕਰੀਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨ ਵਿਚ ਪੂਰਨ ਮਨੁਖ ਭਾਵ ਸਿੱਖ ਦਾ ਕੀ ਨਕਸ਼ਾ ਸੀ ਅਤੇ ਅਸੀਂ ਕਿਥੋਂ ਤਕ ਉਸ ਨਕਸ਼ੇ ਨੂੰ ਸਾਕਾਰ ਰੂਪ ਦੇਣ ਦਾ ਯਤਨ ਕਰ ਰਹੇ ਹਾਂ। ਸਿੱਖੀ ਜੀਵਨ ਨੂੰ ਜੇ ਰਤਾ ਗਹੁ ਨਾਲ ਪੜਚੋਲੀਏ ਤਾਂ ਸਾਨੂੰ ਵਿਸ਼ਵਾਸ ਆ ਜਾਇਗਾ ਕਿ ਕੌਮੀ ਭੇਦ ਭਾਵਾਂ ਦੀ ਕੰਧ ਢਾਹੁਣ ਦਾ ਕੰਮ, ਉਚ-ਨੀਚ ਦੀ ਭਾਵਨਾਂ ਦੀ ਨਵਿਰਤੀ ਦਾ ਕੰਮ ਕੋਈ ਰਾਜ ਜਾਂ ਰਾਜਨੈਤਿਕ ਵਿਧਾਨ ਨਹੀਂ ਕਰ ਸਕਦਾ ਬਲਕਿ ਮਨੁਖਤਾ ਦਾ ਸੰਵਿਧਾਨ—ਜਿਸ ਵਿਚ ਪਰਾਏ ਹੱਕ ਨੂੰ ਸੂਅਰ ਅਤੇ ਗਾਂ ਦੇ ਮਾਸ ਦੇ ਤੁਲ ਅਨੁਭਵ ਕਰਾਉਣ ਦੀ ਸ਼ਕਤੀ ਹੈ—ਹੀ ਕਰ ਸਕਦਾ ਹੈ ਅਤੇ ਉਹ ਸ਼ਕਤੀ ਮਨੁਖ ਅੰਦਰ ਵਰਤਮਾਨ ਹੈ, ਜਿਸ ਨੂੰ ਸਰਬਤ ਦੇ ਭਲੇ ਦੀ ਭਾਵਨਾ ਨਿਮਰਤਾ, ਸੁੱਚੀ ਕਿਰਤ, ਉਦਮ ਅਤੇ ਇਕੋ ਵਾਹਿਗੁਰੂ ਦੇ ਭੈ ਨੂੰ ਮਨ ਵਿਚ ਵਸਾ ਕੇ ਹੀ ਅਸੀਂ ਕ੍ਰਿਆਸ਼ੀਲ ਕਰ ਸਕਦੇ ਹਾਂ।

ਸਿੱਖੀ ਜੀਵਨ ਵਲ ਸਭ ਤੋਂ ਸੌਖਾ ਅਤੇ ਔਖਾ ਇਹੀ ਪਹਿਲਾ ਕਦਮ ਹੈ ਜਿਹੜਾ ਹਰ ਇਕ ਨੂੰ ਸਿੱਖ ਜੀਵਨ ਅਪਨਾਉਣ ਲਈ ਪ੍ਰੇਰ ਸਕਦਾ ਹੈ! ਕੀ ਸਾਨੂੰ ਇਹ ਕਦਮ ਪੁਟਣਾ ਚਾਹੀਦਾ ਹੈ?

ਜੋਧ ਸਿੰਘ
131—E. D. L. W. Colony
Varansi (U. P.) India.

———



www.AKJ.Org

# ਗੁਰ ਪ੍ਰਸਾਦਿ

ਬਾਬੂ ਜਸਵੰਤ ਸਿੰਘ,
354 ਐਲ, ਮਾਡਲ ਟਾਊਨ, ਲੁਧਿਆਣਾ

ਸ਼ਬਦ 'ਗੁਰ' ਅਤੇ 'ਪ੍ਰਸਾਦਿ' ਦੋਹਾਂ ਦੇ ਕਈ ਕਈ ਅਰਥ ਹਨ ਪਰ ਮੂਲ ਮੰਤਰ ਵਿਚ 'ਗੁਰ' ਸ਼ਬਦ ਪ੍ਰਕਾਸ਼ਨਹਾਰ ਆਦਿ-ਜੋਤੀ ਦੇ ਲਈ ਆਇਆ ਹੈ, ਜਿਸ ਬਾਰੇ ਕਿ ਗੁਰੂ ਨਾਨਕ ਸਾਹਿਬ ਧਨਾਸਰੀ ਰਾਗੁ ਵਿਚ ਫੁਰਮਾਉਂਦੇ ਹਨ :—

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਅਤੇ 'ਪ੍ਰਸਾਦਿ' ਮਿਹਰ, ਬਖਸ਼ਸ਼, ਪ੍ਰਸੰਨਤਾ, ਆਨੰਦ ਸਰੂਪ ਜਾਂ (ਇਨ੍ਹਾਂ) ਦੁਆਰਾ ਦੇ ਭਾਵ-ਅਰਥ ਰਖਦਾ ਹੈ। ਸੋ ਇਸ ਦਾ ਸਮੁਚਾ ਭਾਵ ਆਦਿ-ਸ਼ਕਤੀ ਦੀ ਮਿਹਰ ਬਖਸਸ਼ ਜਾਂ ਪ੍ਰਸੰਨਤਾ ਮੌਜ (ਅਨੰਦ) ਦੁਆਰਾ ਹੈ। ਇਹ ਹੈ ਉਸ ਦਾ 'ਨਦਰ ਕਰਮ' ਉਸ ਦੀ 'ਕਿਰਪਾ ਦ੍ਰਿਸ਼ਟੀ' ਤੇ 'ਰਬੀ ਰਹਿਮਤ'। ਇਕ ਤੋਂ ਅਨੇਕਤਾ ਦਾ ਵਿਸਥਾਰ ਇਸ ਰਬੀ ਰਹਿਮਤ ਦਾ ਫਲ ਹੈ, ਇਹ ਨਿਰੰਕਾਰ ਦੇ ਏਕੰਕਾਰ ਦੇ ਸਰੂਪ ਵਿਚਲਾ ਸਵੈ-ਕੇਂਦਰਤ, ਆਪੇ ਦਾ ਆਪਣੇ ਆਪੇ ਨਾਲ ਪਿਆਰ ਹੈ ਜੋ ਓਅੰਕਾਰ ਦੇ ਰੂਪ ਵਿਚ ਹੋ ਕੇ ਵਿਗਸਿਆ ਹੈ। ਇਥੇ ਪ੍ਰੇਮੀ ਤੇ ਪ੍ਰੇਮ ਦੋਹਾਂ ਦਾ ਇਕ ਸਰੂਪ ਹੈ ਕਿਉਂ ਜੋ ਦੋਵੇਂ ਹੀ ਅਦ੍ਰਿਸ਼ਟ, ਵਿਆਪਕ ਤੇ ਸੂਖਮ ਰੂਪ ਰਖਦੇ ਹਨ। ਉਂਜ ਵੀ ਅੰਤਲੀ ਹਾਲਤ ਵਿਚ ਭਾਵ ਅਤਿ ਸੂਖਮ ਹੋ ਕੇ ਇਹ ਦੋਵੇਂ ਇਕ ਹੋ ਜਾਇਆ ਕਰਦੇ ਹਨ। ਇਸ ਪੂਰਨ ਅਭੇਦਤਾ ਕਰਕੇ ਹੀ ਵਾਹਿਗੁਰੂ ਨੂੰ ਪ੍ਰੇਮ ਹੀ ਪ੍ਰੇਮ ਆਖੀਦਾ ਹੈ ਅਤੇ ਜਿਥੇ ਪ੍ਰੇਮ ਹੁੰਦਾ ਹੈ, ਉਥੇ ਵਾਹਿਗੁਰੂ ਆਪ ਹੁੰਦਾ ਹੈ।

ਪ੍ਰੇਮ ਸੁੰਨ ਨਹੀਂ ਹੋ ਸਕਦਾ, ਪ੍ਰੇਮ ਦਾ ਹਰਕਤ ਵਿਚ ਆਉਣਾ ਕੁਦਰਤੀ ਹੈ। ਪ੍ਰੇਮ ਸੁਭਾਵਿਕ ਹੀ ਕਰਮਸ਼ੀਲ ਹੈ ਪ੍ਰੇਮ ਦਾ ਪ੍ਰਗਟਾਵਾ ਕਰਮਾਂ ਰਾਹੀਂ ਹੁੰਦਾ ਹੈ ਅਤੇ ਕਰਮਾਂ ਰਾਹੀਂ ਹੀ ਪ੍ਰੇਮ ਫੁਟ ਕੇ ਪਰਗਟ ਹੁੰਦਾ ਹੈ। ਜਦ ਰੱਬੀ ਪ੍ਰੇਮ ਸਹਿਜ ਸੁਭਾਇ ਹਰਕਤ ਵਿਚ ਆਉਂਦਾ ਹੈ ਤਾਂ ਉਸ ਨੂੰ ਪ੍ਰੇਮ ਦਾ 'ਪ੍ਰਗਟਾਅ' 'ਪ੍ਰਕਾਸ਼', ਉਮਾਹ-ਚਾਉ'–'ਭਾਇ ਭਾਵਨੀ' ਆਦਿ ਕਿਹਾ ਜਾਂਦਾ ਹੈ।

ਏਸੇ ਇਲਾਹੀ ਪ੍ਰੇਮ 'ਗੁਰ ਪ੍ਰਸਾਦਿ' ਦੇ ਰੌ, ਵਹਿਣ ਦੁਆਰਾ ਹੀ ਸਾਰੀ ਰਚਨਾ ਰਚੀ ਗਈ। ਜਦ ਵਾਹਿਗੁਰੂ ਪ੍ਰੇਮ ਉਮਾਹ ਵਿਚ ਆਇਆ ਤਾਂ ਪ੍ਰੇਮ ਦੇ 'ਕਵਾਉ' (ਪ੍ਰੋਜੈਕਸ਼ਨ) ਦੁਆਰਾ ਇਹ ਰਚਨਾ ਰਚੀ ਗਈ। ਗੁਰ-ਬਾਣੀ ਵਿਚ ਵਾਹਿਗੁਰੂ ਜੀ ਦੇ ਇਸ ਪ੍ਰੇਮ ਉਛਾਲੇ ਦੇ ਵਹਿਣ ਨੂੰ 'ਗੁਰ ਪ੍ਰਸਾਦਿ' ਕਿਹਾ ਹੈ।

ਏਸੇ ਇਲਾਹੀ ਪ੍ਰੇਮ ਦੀ ਤਾਰ ਵਿਚ ਪਰੋਤੀ ਸਾਰੀ ਕਾਇਨਾਤ ਚਲ ਰਹੀ ਹੈ ਅਤੇ ਇਸੇ ਨੂੰ ਗੁਰਬਾਣੀ ਵਿਚ 'ਭਾਣਾ', 'ਹੁਕਮ' ਆਖਿਆ ਹੈ। ਇਹ ਇਲਾਹੀ ਪ੍ਰੇਮ-ਮਈ 'ਰੌ' ਯਾ 'ਹੁਕਮ' ਬੇਅੰਤ, ਅਗੋਚਰ ਤੇ ਸੂਖਮ ਹੈ, ਜਿਸ ਦੇ ਤਾਣੇ ਪੇਟੇ ਵਿਚ ਇਲਾਹੀ ਪ੍ਰੇਮ ਦੀਆਂ ਤਾਰਾਂ ਵਗ ਰਹੀਆਂ ਹਨ ਅਤੇ ਰਚਨਾ ਦੇ ਸਾਰੇ ਕੰਮ ਇਸੇ ਇਲਾਹੀ ਪ੍ਰੇਮ ਦੀ ਸੁਰ ਵਿਚ ਚਲ ਰਹੇ ਹਨ। ਪ੍ਰੇਮ ਦੀ



www.AKJ.Org

ਇਹ ਹਾਲਤ ਪਿਆਰ, ਉਮਾਹ, ਸੁਖ, ਆਪਾ ਵਾਰਨਾ, ਰਸ, ਰੰਗ, ਸ਼ਾਂਤੀ ਭਰਪੂਰ ਹੈ। ਕਿਉਂ ਜੋ ਪ੍ਰੇਮ ਵਿਚ ਆਕਰਖਣ-ਸ਼ਕਤੀ ਹੈ, ਜੋ ਸਭ ਨੂੰ ਠਿਕਾਣੇ ਰਖ ਕੇ ਇਕ ਸੁਰ ਵਿਚ ਚਲਾ ਰਹੀ ਹੈ ਅਤੇ ਇਸ ਦੇ ਉਲਟ ਜਦ ਅਸੀਂ ਇਲਾਹੀ ਇਕ ਸੁਰਤਾ ਵਿਚੋਂ ਨਿਕਲ ਜਾਂਦੇ ਹਾਂ ਤਾਂ ਸਾਡੇ ਵਿਚ ਈਰਖਾ, ਦਵੈਤ, ਨਫ਼ਰਤ, ਾਰਜ਼ੀ, ਦੁਖ ਕਲੇਸ਼, ਰੋਗ ਸੋਗ ਆਦਿ ਮਾਨਤਾ ਵਾਲੀਆਂ ਸਭੇ ਰੁਚੀਆਂ ਆ ਵੜਦੀਆਂ 'ਗੁਰ ਪ੍ਰਸਾਦਿ' ਤਾਂ ਨਿਰੋਲ ਅਕਾਲ ਪੁਰਖ ਦੇ ਲ ਡੁਲ੍ਹਦੇ ਪ੍ਰੇਮ ਦਾ 'ਉਛਾਲ' ਹੈ, 'ਮਹਿਕ' ਹੈ, 'ਵਹਿਣ' ਹੈ ਰੌਂ ਹੈ ਜੋ ਸਦੀਵੀ ਅੰਮ੍ਰਿਤ, ਅਤਲਵਾਂ ਸਾਡੇ ਜੀਆਂ ਲਈ ਵਗ ਰਿਹਾ ਹੈ।

"ਝਿਮ ਝਿਮ ਵਰਸੈ ਅੰਮ੍ਰਿਤ ਧਾਰਾ।
ਮਨ ਪੀਵੈ ਸੁਨਿ ਸ਼ਬਦ ਵੀਚਾਰਾ ॥"

ਗੁਰਬਾਣੀ 'ਪ੍ਰਭੂ-ਉਮਾਹ ਪ੍ਰਗਟਿਆ ਹੈ। ਇਹ ਪ੍ਰਭੂ ਦ ਦੁਆਰਾ ਆਪਣੇ ਨਿਜ ਸਰੂਪ ਗੁਰੂ-ਨ ਹੋਈ ਹੈ। ਸ਼ਬਦ 'ਗੁਰ ਪ੍ਰਸਾਦਿ' ਤੋਂ ਆਉਂਦੀ ਹੈ, ਉਹ ਸਭ ਗੁਰੂ ਦੀ ਅਪਾਰ ਫਲ ਹੈ। ਦੂਸਰੇ ਸ਼ਬਦਾਂ ਵਿਚ ਭਾਵ ਕਿ ਵਾਹਿਗੁਰੂ ਜੀ ਨੇ ਆਪਣੇ ਹੀ 'ਪ੍ਰੇਮ ਖੇ ਦੇ ਭਲੇ ਲਈ ਇਹ ਪ੍ਰੇਮ ਦੇ ਉਛਾਲੇ ਵਿਚ ਆ ਕੇ ਇਹ ਰਚੀ ਹੈ। ਜੋ ਇਸ ਨੂੰ ਆਪਣੇ ਹਿਰਦੇ ਵਿਚ ਵਸਾਉਂਦਾ ਹੈ, ਉਸ ਤੇ ਪ੍ਰਭੂ ਦੀ 'ਮਿਹਰ-ਦ੍ਰਿਸ਼ਟੀ' ਹੁੰਦੀ ਹੈ। ਪ੍ਰੇਮ ਦੇਸ਼ ਵਿਚੋਂ ਆਈ ਬਾਣੀ ਸਾਡੀਆਂ ਜੀਵ-ਸੁਰਤਾਂ ਨੂੰ ਆਪਣੇ ਪ੍ਰੇਮ ਦੇ ਦੇਸ਼ ਵਿਚ ਹੀ ਲੈ ਜਾਂਦੀ ਹੈ। ਕਿ ਲਈ ਗੁਰਬਾਣੀ ਨੂੰ ਹਿਰਦੇ ਵਿਚ ਵਸਾਉਣਾ ਤੇ ਉਸ ਰੂਪ ਬਣਨਾ 'ਗੁਰਪ੍ਰਸਾਦਿ' ਹੈ।

---

ਟਿੰਗ ਪ੍ਰੈਸ, ਬਾਜ਼ਾਰ ਪੁਰਾਣੀ ਕੋਤਵਾਲੀ ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ
ਬ ਹਿੰਦ ਅਖੰਡ ਕੀਰਤਨੀ ਜਥੇ ਲਈ 305 L ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

Regd. No. P 79 JULLUNDUR

ਗ ਪੰਜਾਬ ਵਲੋਂ "ਸੂਰਾ" ਕਾਲਜਾਂ, ਸਕੂਲਾਂ ਅਤੇ ਸਮਾਜਿਕ ਸ਼ਿਖਿਆ ਕੇਂਦਰਾਂ
ਠੀ ਨੰ: 3/70-68-4 (ਅ-ਪ) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ ।

## ਗੁਰਪੁਰਬ ਤੇ ਸੰਗਰਾਂਦ

ਸੰਗਰਾਂਦ ਮਾਘ ... ... ੧੪ ਜਨਵਰੀ

ਪ੍ਰਾ: ੭ ਅਵਤਾਰ ਧਾਰਿਆ ... ... ੨੮ ਜਨਵ

www.AKJ.Org